facebook hamdardtvcanada | YouTube @hamdardmediagroup | ads@hamdardtv.ca

24 ਘੰਟੇ 7 ਦਿਨ ਹਮਦਰਦ ਟੀ.ਵੀ. ਵੇਖਣ ਲਈ www.hamdardmediagroup.com ਤੇ ਵਿਜ਼ਿਟ ਕਰੋ

Daily Hamdard

Estd.1991

# ਹਮਦਰਦ

4 ਫਰਵਰੀ, 2024

HAMDARD PUNJABI NEWSPAPER: 2-1332 Khalsa Drive, Mississauga, ON L5S 0A2, Canada

www.hamdardmediagroup.com | Email: ads@hamdardtv.ca | Ph: 905.791.9999

# ਟਰੰਪ ਨੇ ਅਮੀਰ ਪੰਜਾਬੀਆਂ ਦਾ ਕੱਢਿਆ ਦੀਵਾਲਾ

## ਇੰਮੀਗ੍ਰੇਸ਼ਨ ਨੀਤੀਆਂ ਨੇ ਕਾਰੋਬਾਰ ਕੀਤੇ ਠੱਪ, ਸਭ ਤੋਂ ਵੱਧ ਅਸਰ ਟ੍ਰਾਂਸਪੋਰਟ ਸੈਕਟਰ 'ਤੇ ਪਿਆ









ਸਟੌਕਟਨ, 3 ਫ਼ਰਵਰੀ (ਵਿਸ਼ੇਸ਼ ਪ੍ਰਤੀਨਿਧ) : ਟਰੰਪ ਦੇ ਇੰਮੀਗ੍ਰੇਸ਼ਨ ਛਾਪਿਆਂ ਨੇ ਅਮੀਰ ਪੰਜਾਬੀਆਂ ਦਾ ਦੀਵਾਲਾ ਕੱਢ ਕੇ ਰੱਖ ਦਿਤਾ ਹੈ ਅਤੇ ਸਿਰ ਚੜ੍ਹਿਆ ਕਰਜ਼ਾ ਮੋੜਨਾ ਤਾਂ ਦੂਰ ਦੀ ਗੱਲ, ਕੰਪਨੀਆਂ ਦਾ ਖਰਚ ਚਲਾਉਣਾ ਔਖਾ ਹੋ ਗਿਆ ਹੈ। ਜੀ ਹਾਂ, ਕੁਝ ਅਜਿਹੇ ਹੀ ਹਾਲਾਤ ਬਿਕਰਮਜੀਤ ਸਿੰਘ ਗਿੱਲ ਦੀ ਟ੍ਰਾਂਸਪੋਰਟ ਕੰਪਨੀ ਵਿਚ ਨਜ਼ਰ ਆਉਂਦੇ ਹਨ ਜਿਥੇ ਹਰ ਵੇਲੇ ਟਰੱਕਾਂ ਦੇ ਇੰਜਣ ਗੜਕਣ ਦੀ ਆਵਾਜ਼ ਸੁਣਦੀ ਸੀ ਪਰ ਹੁਣ ਸੁੰਨ ਪਸਰੀ ਹੋਈ ਹੈ। ਬਿਕਰਮਜੀਤ ਗਿੱਲ ਦੇ 35 ਡਰਾਈਵਰਾਂ ਦੇ ਲਾਇਸੰਸ ਡਿਪਾਰਟਮੈਂਟ ਆਫ਼ ਮੋਟਰ ਵ੍ਹੀਕਲਜ਼ ਨੇ ਰੱਦ ਕਰ ਦਿਤੇ ਅਤੇ ਨਵੇਂ ਡਰਾਈਵਰ ਮਿਲ ਨਹੀਂ ਰਹੇ। ਗਿਲਸਨ ਟ੍ਰਕਿੰਗ ਇਨਕਾਰਪੋਰੇਸ਼ਨ ਦੇ ਮਾਲਕ ਦਾ ਕਹਿਣਾ ਹੈ ਕਿ ਪਿਛਲੇ 4 ਮਹੀਨੇ ਦੌਰਾਨ 2 ਮਿਲੀਅਨ ਡਾਲਰ ਦਾ ਨੁਕਸਾਨ ਹੋ ਚੁੱਕਾ ਹੈ ਅਤੇ ਖੜ੍ਹੇ ਟਰੱਕਾਂ ਦੀਆਂ ਕਿਸ਼ਤਾਂ ਅਤੇ ਬੀਮੇ ਦੀ ਰਕਮ ਵਜੋਂ 2 ਲੱਖ ਡਾਲਰ ਹਰ ਮਹੀਨੇ ਦੇਣੇ ਪੈ ਰਹੇ ਹਨ। ਗਿਲਸਨ ਟ੍ਰਕਿੰਗ ਦਾ ਮਾੜਾ ਦੌਰ ਉਸ ਵੇਲੇ ਸ਼ੁਰੂ ਹੋਇਆ ਜਦੋਂ ਪਿਛਲੇ ਸਾਲ ਸਤੰਬਰ ਦੌਰਾਨ ਟਰੰਪ ਸਰਕਾਰ ਨੇ ਇੰਮੀਗ੍ਰੇਸ਼ਨ ਸਟੇਟਸ ਪੱਖੋਂ ਕੱਚੇ ਡਰਾਈਵਰਾਂ ਦੇ ਸੀ.ਡੀ.ਐਲ. ਰੱਦ ਕਰਨ ਦਾ ਸਿਲਸਿਲਾ ਆਰੰਭਿਆ। ਕੈਲੇਫੋਰਨੀਆ ਦੇ ਕੁਲ ਟਰੱਕ ਡਰਾਈਵਰਾਂ ਵਿਚੋਂ 35 ਫ਼ੀ ਸਦੀ ਪੰਜਾਬੀ ਹਨ ਅਤੇ ਇਥੇ 17 ਹਜ਼ਾਰ ਕਮਰਸ਼ੀਅਲ ਡਰਾਈਵਰਜ਼ ਲਾਇਸੰਸ ਰੱਦ ਹੋਣ ਮਗਰੋਂ ਹਾਲਾਤ ਬੇਕਾਬੂ ਹੋਣ ਲੱਗੇ। ਕਿਸੇ ਵੇਲੇ ਟ੍ਰਾਂਸਪੋਰਟੇਸ਼ਨ ਸੈਕਟਰ ਰਾਹੀਂ ਮੋਟੀ ਕਮਾਈ ਕਰ ਰਹੇ ਪੰਜਾਬੀ ਕਰਜ਼ੇ ਵਿਚ ਡੁੱਬ ਚੁੱਕੇ ਹਨ ਅਤੇ ਸਮੱਸਿਆ ਹੱਲ ਹੁੰਦੀ ਨਜ਼ਰ ਨਹੀਂ ਆ ਰਹੀ। ਕੈਲੇਫੋਰਨੀਆ ਦੇ ਡਿਪਾਰਟਮੈਂਟ ਆਫ਼ ਮੋਟਰ ਵ੍ਹੀਕਲਜ਼ ਦੇ ਬੁਲਾਰੇ ਜੌਨਾਥਕ ਗਰੋਵਮੈਨ ਨੇ ਉਮੀਦ ਜ਼ਾਹਰ ਕੀਤੀ ਕਿ ਟਰੰਪ ਸਰਕਾਰ ਸਹੀ ਰਾਹ ਅਖਤਿਆਰ ਕਰਦਿਆਂ ਯੋਗ ਡਰਾਈਵਰਾਂ ਨੂੰ ਮੁੜ ਸੀ.ਡੀ.ਐਲ. ਜਾਰੀ ਕਰਨ ਦੀ ਇਜਾਜ਼ਤ ਦੇਵੇਗੀ ਪਰ ਦੂਜੇ ਪਾਸੇ ਟ੍ਰਾਂਸਪੋਰਟੇਸ਼ਨ ਮੰਤਰੀ ਸ਼ੌਨ ਡਫ਼ੀ ਦਾ ਕਹਿਣਾ ਹੈ ਕਿ ਖ਼ਤਰਨਾਕ ਡਰਾਈਵਿੰਗ ਕਰਨ ਵਾਲੇ ਵਿਦੇਸ਼ੀ ਨਾਗਰਿਕਾਂ ਨੂੰ ਜਾਰੀ ਸੀ.ਡੀ.ਐਲ. ਸਿੱਧੇ ਤੌਰ 'ਤੇ ਰੱਦ ਕੀਤੇ ਜਾਣ ਅਤੇ ਅਜਿਹਾ ਨਾ ਹੋਣ 'ਤੇ ਕੈਲੇਫੋਰਨੀਆ ਨੂੰ ਮਿਲਣ ਵਾਲੀ ਆਰਥਿਕ ਸਹਾਇਤਾ 'ਤੇ ਰੋਕ ਜਾਰੀ ਰਹੇਗੀ। ਇੰਮੀਗ੍ਰੇਸ਼ਨ ਸਖ਼ਤੀ ਦਾ ਅਸਰ ਟ੍ਰਾਂਸਪੋਰਟੇਸ਼ਨ ਸੈਕਟਰ ਵਿਚ ਮੌਜੂਦ ਹਰ ਤਬਕੇ 'ਤੇ ਪਿਆ ਹੈ। ਹਜ਼ਾਰਾਂ ਡਰਾਈਵਰ ਬਦਲਵੇਂ ਕਿੱਤਿਆਂ ਵੱਲ ਜਾਣ ਲਈ ਮਜਬੂਰ ਹਨ ਜਦਕਿ ਟ੍ਰਾਂਸਪੋਰਟੇਸ਼ਨ ਕੰਪਨੀਆਂ ਨੂੰ ਵੱਖਰੀਆਂ ਔਕੜਾਂ ਦਾ ਟਾਕਰਾ ਕਰਨਾ ਪੈ ਰਿਹਾ ਹੈ। ਕੈਲੇਫੋਰਨੀਆ ਮੈਟਰਜ਼ ਦੀ ਰਿਪੋਰਟ ਮੁਤਾਬਕ ਨੌਰਕ ਅਮੈਰਿਕਨ ਪੰਜਾਬੀ ਟ੍ਰਕਿੰਗ ਐਸੋਸੀਏਸ਼ਨ ਦੇ ਮੁੱਖ ਕਾਰਜਕਾਰੀ ਅਫ਼ਸਰ ਰਮਨ ਢਿੱਲੋਂ ਦਾ ਕਹਿਣਾ ਸੀ ਕਿ ਹਰ ਨੌਨ ਡੌਮੀਸਾਈਲ ਡਰਾਈਵਰ ਨੂੰ ਕੰਮ ਨਹੀਂ ਮਿਲ ਰਿਹਾ। ਕਈ ਕੰਪਨੀਆਂ ਇਨ੍ਹਾਂ ਨੂੰ ਭਰਤੀ ਕਰਨ ਤੋਂ ਹੱਥ ਖੜ੍ਹੇ ਕਰ ਚੁੱਕੀਆਂ ਹਨ। ਇਥੋਂ ਤੱਕ ਕਿ ਨੌਨ ਡੌਮੀਸਾਈਲ ਡਰਾਈਵਰ ਵਾਲੇ ਟਰੱਕ ਨੂੰ ਲੋਡ ਹੀ ਨਹੀਂ ਮਿਲਦਾ।

ਬਿਕਰਮਜੀਤ ਸਿੰਘ ਗਿੱਲ ਅਤੇ ਹਰਸਿਮਰਨ ਸਿੰਘ ਨੇ 18-18 ਘੰਟੇ ਕੰਮ ਕਰਦਿਆਂ ਜਿਹੜੀ ਕੰਪਨੀ ਖੜ੍ਹੀ ਕੀਤੀ, ਹੁਣ ਉਹ ਡਾਵਾਂਡੋਲ ਮਹਿਸੂਸ ਹੋ ਰਹੀ ਹੈ। 2010 ਵਿਚ ਟ੍ਰਾਂਸਪੋਰਟ ਸੈਕਟਰ ਵਿਚ ਕਦਮ ਰੱਖਣ ਮਗਰੋਂ ਇਸ ਵੇਲੇ ਤਕਰੀਬਨ 200 ਟਰੱਕ ਕੰਪਨੀ ਕੋਲ ਮੌਜੂਦ ਹਨ। ਬਿਕਰਮਜੀਤ ਗਿੱਲ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਸੂਬਾ ਸਰਕਾਰ ਦੀਆਂ ਸ਼ਰਤਾਂ ਮੁਤਾਬਕ ਹੀ ਪ੍ਰਵਾਸੀ ਡਰਾਈਵਰਾਂ ਨੂੰ ਭਰਤੀ ਕੀਤਾ। ਕਾਨੂੰਨ ਕਹਿੰਦਾ ਹੈ ਕਿ ਜਿਹੜੇ ਪ੍ਰਵਾਸੀ ਕੋਲ ਕੰਮ ਕਰਨ ਦਾ ਹੱਕ ਹੈਅਤੇ ਜਾਇਜ਼ ਲਾਇਸੰਸ ਮੌਜੂਦ ਹੈ ਤਾਂ ਉਸ ਨੂੰ ਭਰਤੀ ਕੀਤਾ ਜਾ ਸਕਦਾ ਹੈ। ਹਜ਼ਾਰਾਂ ਸੀ.ਡੀ.ਐਲ. ਰੱਦ ਹੋਣ ਮਗਰੋਂ ਬਿਕਰਮਜੀਤ ਗਿੱਲ ਦੇ 100 ਟਰੱਕ ਪਾਰਕਿੰਗ ਲੌਟ ਵਿਚ ਖੜ੍ਹੇ ਰਹਿ ਗਏ। ਉਨ੍ਹਾਂ ਵੱਲੋਂ ਗਰੀਨ ਕਾਰਡ ਹੋਲਡਰ ਜਾਂ ਯੂ.ਐਸ. ਸਿਟੀਜ਼ਨ ਡਰਾਈਵਰਾ ਨੂੰ ਭਰਤੀ ਕੀਤਾ ਜਾ ਰਿਹਾ ਹੈ ਕਿਉਂਕਿ ਨੌਨ ਡੌਮੀਸਾਈਲ ਡਰਾਈਵਰ ਕੈਲੇਫੋਰਨੀਆ ਤੋਂ ਬਾਹਰ ਜਾਣ ਤੋਂ ਘਬਰਾਉਂਦੇ ਹਨ। ਹਾਲ ਹੀ ਵਿਚ ਮਿਨੇਸੋਟਾ ਵਿਖੇ ਉਨ੍ਹਾਂ ਦਾ ਟਰੱਕ ਡਰਾਈਵਰ ਆਈਸ ਵਾਲਿਆਂ ਨੇ ਗ੍ਰਿਫ਼ਤਾਰ ਕਰ ਲਿਆ। ਦੂਜੇ ਪਾਸੇ ਫਰਿਜ਼ਨੋ ਦੀ ਟ੍ਰਕਿੰਗ ਕੰਪਨੀ ਦੇ ਮਾਲਕ ਤੇਜਿੰਦਰ ਸਿੰਘ ਮਹਿਤਾ ਵੀ ਚੁਣੌਤੀਆਂ ਦਾ ਟਾਕਰਾ ਕਰ ਰਹੇ ਹਨ। ਤੇਜਿੰਦਰ ਸਿੰਘ ਕੋਲ 75 ਟਰੱਕਾਂ ਦਾ ਕਾਫ਼ਲਾ ਮੌਜੂਦ ਹੈ ਅਤੇ ਉਨ੍ਹਾਂ ਦਾ ਕਹਿਣਾ ਹੈ ਕਿ ਹਜ਼ਾਰਾਂ ਸੀ.ਡੀ.ਐਲ. ਰੱਦ ਹੋਣ ਨਾਲ ਸਿਰਫ਼ ਡਰਾਈਵਰ ਪ੍ਰਭਾਵਤ ਨਹੀਂ ਹੋਏ ਸਗੋਂ ਡਿਸਪੈਚਰ, ਬ੍ਰੋਕਰ, ਫ਼ਾਰਮ ਵਰਕਰ ਅਤੇ ਹੋਰ ਪਤਾ ਨਹੀਂ ਕਿੰਨੇ ਲੋਕਾਂ 'ਤੇ ਅਸਰ ਪਿਆ ਹੈ। ਤੇਜਿੰਦਰ ਮੁਤਾਬਕ ਸਿਰਫ਼ ਸੈਂਟਰਲ ਵੈਲੀ ਵਿਚ 17 ਹਜ਼ਾਰ ਸੀ.ਡੀ.ਐਲ. ਰੱਦ ਮਗਰੋਂ 2 ਲੱਖ ਲੋਕਾਂ ਦੇ ਰੁਜ਼ਗਾਰ 'ਤੇ ਅਸਰ ਪਿਆ। ਦੱਸ ਦੇਈਏ ਕਿ ਅਮਰੀਕਾ ਵਿਚ ਤਕਰੀਬਨ ਡੇਢ ਲੱਖ ਪੰਜਾਬੀ ਟ੍ਰਾਂਸਪੋਰਟ ਸੈਕਟਰ ਵਿਚ ਕੰਮ ਕਰਦੇ ਹਨ ਅਤੇ ਇਨ੍ਹਾਂ ਵਿਚੋਂ ਸਭ ਤੋਂ ਜ਼ਿਆਦਾ ਗਿਣਤੀ ਡਰਾਈਵਰਾਂ ਦੀ ਹੈ। ਫ਼ਲੋਰੀਡਾ ਵਿਚ ਹਰਜਿੰਦਰ ਸਿੰਘ ਦੇ ਟਰੱਕ ਨਾਲ ਵਾਪਰਿਆ ਹਾਦਸਾ ਐਨਾ ਚਰਚਾ ਵਿਚ ਆਇਆ ਕਿ ਸਿੱਖ ਡਰਾਈਵਰਾਂ ਦੇ ਟਰੱਕਾਂ 'ਤੇ ਹਮਲੇ ਹੋਣ ਲੱਗੇ। ਇਸ ਮਗਰੋਂ ਜਸ਼ਨਪ੍ਰੀਤ ਸਿੰਘ ਦੇ ਟਰੱਕ ਨਾਲ ਵਾਪਰੇ ਹਾਦਸੇ ਨੇ ਬਲਦੀ ਉਤੇ ਤੇਲ ਪਾਉਣ ਦਾ ਕੰਮ ਕੀਤਾ। ਇਸੇ ਦੌਰਾਨ ਬਿਕਰਮਜੀਤ ਸਿੰਘ ਗਿੱਲ ਨੇ ਦੱਸਿਆ ਕਿ ਵੱਡੀ ਗਿਣਤੀ ਵਿਚ ਡਰਈਵਰਾਂ ਨੇ ਘਰ ਖਰੀਦੇ ਹੋਏ ਹਨ ਅਤੇ ਪਰਵਾਰ ਨਾਲ ਰਹਿੰਦੇ ਹਨ। 8 ਹਜ਼ਾਰ ਡਾਲਰ ਮਹੀਨਾ ਕਮਾਉਣ ਵਾਲੇ ਇਨਸਾਨ ਦੀ ਕਮਾਈ ਵਿਚ ਅਚਨਚੇਤ ਆਈ ਕਮੀ ਪਰਵਾਰ ਨੂੰ ਝੰਜੋੜ ਕੇ ਰੱਖ ਦਿੰਦੀ ਹੈ। ਦਿਲਚਸਪ ਤੱਥ ਇਹ ਹੈ ਕਿ ਤੇਜਿੰਦਰ ਸਿੰਘ ਮਹਿਤਾ ਟਰੰਪ ਦੇ ਹਮਾਇਤੀ ਹਨ ਅਤੇ ਹੁਣ ਵੀ ਟਰੰਪ ਉਨ੍ਹਾਂ ਦੀ ਪਹਿਲੀ ਪਸੰਦ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਨੂੰ ਕੋਈ ਵੀ ਨੀਤੀ ਲਾਗੂ ਕਰਨ ਤੋਂ ਪਹਿਲਾਂ ਡੂੰਘਾਈ ਨਾਲ ਇਸ ਦੇ ਅਸਰਾਂ ਨੂੰ ਸਮਝਣਾ ਚਾਹੀਦਾ ਹੈ ਜਿਸ ਦਾ ਫ਼ਾਇਦਾ ਪੂਰੇ ਮੁਲਕ ਨੂੰ ਹੋਵੇਗਾ।

# ਕੈਨੇਡਾ ਨੇ ਬੰਦ ਕੀਤੇ ਵਰਕ ਪਰਮਿਟ!

## ਇੰਮੀਗ੍ਰੇਸ਼ਨ ਮਹਿਕਮੇ ਨੇ ਕੋਰੀ ਅਫ਼ਵਾਹ ਦੱਸਿਆ

ਟੋਰਾਂਟੋ, 3 ਫ਼ਰਵਰੀ (ਵਿਸ਼ੇਸ਼ ਪ੍ਰਤੀਨਿਧ) : ਕੈਨੇਡਾ ਸਰਕਾਰ ਵੱਲੋਂ ਓਪਨ ਵਰਕ ਪਰਮਿਟ ਬੰਦ ਕਰਨ ਬਾਰੇ ਫੈਲੀਆਂ ਅਫ਼ਵਾਹਾਂ ਨੇ ਪੰਜਾਬੀਆਂ ਦੇ ਸਾਹ ਸੁਕਾ ਦਿਤੇ ਅਤੇ ਮੁਲਕ ਦੇ ਵੱਖ-ਵੱਖ ਸ਼ਹਿਰਾਂ ਵਿਚ ਰਹਿੰਦੇ ਆਪਣੇ ਰਿਸ਼ਤੇਦਾਰਾਂ ਜਾਂ ਜਾਣਕਾਰਾਂ ਨੂੰ ਫੋਨ 'ਤੇ ਫੋਨ ਕਰਨ ਲੱਗੇ। ਉਧਰ ਇੰਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਸੇਵਾਵਾਂ ਵਿਭਾਗ ਨੂੰ ਬਿਆਨ ਜਾਰੀ ਕਰਦਿਆਂ ਕਹਿਣਾ ਪਿਆ ਕਿ ਸੋਸ਼ਲ ਮੀਡੀਆ 'ਤੇ ਕੀਤੇ ਜਾ ਰਹੇ ਦਾਅਵਿਆਂ ਵਿਚ ਕੋਈ ਦਮ ਨਹੀਂ।



ਦੂਜੇ ਪਾਸੇ ਟੋਰਾਂਟੋ ਦੇ ਇਕ ਲਾਇਸੰਸਸ਼ੁਦਾ ਪੈਰਾਲੀਗਲ ਅਪੋਲ ਅਪ੍ਰੰਤਰ ਨੇ ਦਾਅਵਾ ਕੀਤਾ ਕਿ ਟੈਂਪਰੇਰੀ ਰੈਜ਼ੀਡੈਂਟਸ ਨੂੰ ਪਰਮਾਨੈਂਟ ਰੈਜ਼ੀਡੈਂਸੀ ਤੱਕ ਪਹੁੰਚਾਉਣ ਲਈ 2021 ਵਿਚ ਆਰੰਭੀ ਓਪਨ ਵਰਕ ਪਰਮਿਟ ਵਾਲੀ ਯੋਜਨਾ ਦਸੰਬਰ 2026 ਵਿਚ ਖ਼ਤਮ ਹੋ ਰਹੀ ਹੈ। ਇੰਮੀਗ੍ਰੇਸ਼ਨ ਮਹਿਕਮੇ ਨੇ ਅਜਿਹੀ ਕਿਸੇ ਯੋਜਨਾ ਦੇ ਖ਼ਤਮ ਹੋਣ ਬਾਰੇ ਆਪਣੇ ਬਿਆਨ ਵਿਚ ਕੋਈ ਜ਼ਿਕਰ ਨਹੀਂ ਕੀਤਾ ਪਰ ਵਸੇਬਾ ਸਲਾਹਕਾਰ ਅਤੇ ਫ਼ਿਲੀਪੀਨੋ ਲੋਕਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਵਾਲੀ ਕੈਲੀ ਬੌਟੈਨਗਨ ਨੇ ਕਿਹਾ ਕਿ ਲੋਕਾਂ ਦਾ ਮਾਨਸਿਕ ਤਣਾਅ ਵਧਾਇਆ ਜਾ ਰਿਹਾ ਹੈ। ਅਜਿਹੇ ਹਾਲਾਤ ਵਿਚ ਕੋਈ ਵੀ ਰਿਪੋਰਟ ਸਾਹਮਣੇ ਆਉਣ 'ਤੇ ਲੋਕ ਸਹਿਜੇ ਹੀ ਯਕੀਨ ਕਰ ਲੈਂਦੇ ਹਨ ਅਤੇ ਇੰਮੀਗ੍ਰੇਸ਼ਨ ਵਕੀਲਾਂ ਨੂੰ ਚਾਹੀਦਾ ਹੈ ਕਿ ਲੋਕਾਂ ਨੂੰ ਦਰੁਸਤ ਜਾਣਕਾਰੀ ਮੁਹੱਈਆ ਕਰਵਾਉਣ।

ਹੁਣ ਇੰਮੀਗ੍ਰੇਸ਼ਨ ਵਿਭਾਗ ਦੀ ਟਿੱਪਣੀ ਨੂੰ ਘੋਖਿਆ ਜਾਵੇ ਤਾਂ ਉਨ੍ਹਾਂ ਕਿਹਾ ਕਿ 2026 ਦੌਰਾਨ ਓਪਨ ਵਰਕ ਪਰਮਿਟ ਬੰਦ ਹੋਣ ਦੀ ਰਿਪੋਰਟ ਸਰਾਸਰ ਝੂਠ ਹੈ। ਵਰਕ ਪਰਮਿਟ ਦੋ ਕਿਸਮ ਦੇ ਹੁੰਦੇ ਹਨ ਜਿਨ੍ਹਾਂ ਵਿਚੋਂ ਇਕ ਇੰਪਲੋਇਰ ਸਪੈਸੇਫ਼ਿਕ ਵਰਕ ਪਰਮਿਟ ਹੁੰਦਾ ਹੈ ਅਤੇ ਦੂਜਾ ਓਪਨ ਵਰਕ ਪਰਮਿਟ ਹੁੰਦਾ ਹੈ। ਵਧੇਰੇ ਜਾਣਕਾਰੀ ਲਈ ਵਰਕ ਪਰਮਿਟ ਕੈਨੇਡਾ ਡਾਟ ਸੀ.ਏ. ਵੈਬਾਈਟ 'ਤੇ ਵਿਜ਼ਟ ਕੀਤੀ ਜਾ ਸਕਦੀ ਹੈ। ਇੰਮੀਗ੍ਰੇਸ਼ਨ ਮਹਿਕਮੇ ਵੱਲੋਂ ਲੋਕਾਂ ਨੂੰ ਕੂੜ ਪ੍ਰਚਾਰ ਤੋਂ ਸੁਚੇਤ ਰਹਿਣ ਦਾ ਸੱਦਾ ਦਿਤਾ ਗਿਆ ਹੈ ਕਿਉਂਕਿ ਕੁਝ ਸ਼ਾਤਰ ਲੋਕ ਨੌਜਵਾਨਾਂ ਨੂੰ ਠੱਗਣ ਦੇ ਇਰਾਦੇ ਨਾਲ ਅਜਿਹੀਆਂ ਅਫ਼ਵਾਹਾਂ ਫੈਲਾਉਂਦੇ ਹਨ। ਇਥੇ ਦਸਣਾ ਬਣਣਾ ਹੈ ਕਿ ਪਿਛਲੇ ਦਿਨੀਂ ਫ਼ੀਫਾ ਵਰਲਡ ਕੱਪ ਬਾਰੇ ਵੀ ਅਫ਼ਵਾਹ ਫੈਲ ਗਈ ਅਤੇ ਇੰਮੀਗ੍ਰੇਸ਼ਨ ਵਿਭਾਗ ਨੂੰ ਇਥੇ ਵੀ ਦਖ਼ਲ ਦੇਣਾ ਪਿਆ। ਇੰਮੀਗ੍ਰੇਸ਼ਨ ਵਿਭਾਗ ਨੇ ਫੁੱਟਬਾਲ ਵਰਲਡ ਕੱਪ ਦੇ ਨਾਂ 'ਤੇ ਵੀਜ਼ਾ ਗਾਰੰਟੀ ਦਾ ਦਾਅਵਾ ਕਰਨ ਵਾਲਿਆਂ ਤੋਂ ਸਾਵਧਾਨ ਰਹਿਣ ਵਾਸਤੇ ਆਖਿਆ। ਓਪਨ ਵਰਕ ਪਰਮਿਟ ਬੰਦ ਹੋਣ ਦਾ ਰੌਲਾ ਅਜਿਹੇ ਸਮੇਂ ਪਿਆ ਜਦੋਂ ਕੁਝ ਦਿਨ ਪਹਿਲਾਂ ਹੀ ਕੈਨੇਡਾ ਸਰਕਾਰ ਵੱਲੋਂ ਇੰਮੀਗ੍ਰੇਸ਼ਨ ਟੀਚਿਆਂ ਵਿਚ ਸੋਧ ਕਰਦਿਆਂ ਨਵੇਂ ਵਰ੍ਹੇ ਦੌਰਾਨ ਜਾਰੀ ਹੋਣ ਵਾਲੇ ਵਰਕ ਪਰਮਿਟਸ ਦੀ ਗਿਣਤੀ ਵਧਾ ਕੇ 1 ਲੱਖ 70 ਹਜ਼ਾਰ ਕਰ ਦਿਤੀ ਜਦਕਿ ਐਲ.ਐਮ.ਆਈ.ਏ. ਦੀ ਸ਼ਰਤ ਅਧੀਨ ਟੈਂਪਰੇਰੀ ਫੌਰਨ ਵਰਕਰਜ਼ ਨੂੰ ਸਿਰਫ਼ 60 ਹਜ਼ਾਰ ਵੀਜ਼ੇ ਦੇਣ ਦਾ ਜ਼ਿਕਰ ਕੀਤਾ ਗਿਆ।

# ਕੈਨੇਡਾ ਦੇ 800 ਲੋਕਾਂ ਨਾਲ 33 ਮਿਲੀਅਨ ਡਾਲਰ ਦੀ ਠੱਗੀ

## ਜਵਾਦ ਰਾਠੌਰ ਅਤੇ ਵਿੰਸ ਪੈਟਰੋਜ਼ਾ ਨੂੰ ਪੰਜ ਸਾਲ ਦੀ ਕੈਦ

ਵਿੰਨੀਪੈਗ, 3 ਫ਼ਰਵਰੀ (ਵਿਸ਼ੇਸ਼ ਪ੍ਰਤੀਨਿਧ) : ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਨਾਲ ਸਬੰਧਤ 800 ਤੋਂ ਵੱਧ ਲੋਕਾਂ ਤੋਂ ਕਰੋੜਾਂ ਡਾਲਰ ਠੱਗਣ ਵਾਲੇ ਜਵਾਦ ਰਾਠੌਰ ਅਤੇ ਵਿੰਸ ਪੈਟਰੋਜ਼ਾ ਨੂੰ ਪੰਜ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਜਸਟਿਸ ਡੈਨੀਅਲ ਮੂਰ ਨੇ ਦੋਹਾਂ ਨੂੰ ਸਜ਼ਾ ਦਾ ਐਲਾਲ ਕਰਦਿਆਂ 12-12 ਮਿਲੀਅਨ ਡਾਲਰ ਦਾ ਜੁਰਮਾਨਾ ਅਦਾ ਕਰਨ ਦੇ ਹੁਕਮ ਵੀ ਦਿਤੇ ਅਤੇ ਕਿਹਾ ਕਿ ਜੁਰਮਾਨਾ ਅਦਾ ਨਾ ਕਰਨ ਦੀ ਸੂਰਤ ਵਿਚ ਦੋਹਾਂ ਨੂੰ ਪੰਜ-ਪੰਜ ਸਾਲ ਵਾਧੂ ਜੇਲ ਕੱਟਣੀ ਪਵੇਗੀ। ਜਸਟਿਸ ਮੂਰ ਨੇ ਕਿਹਾ ਕਿ ਕੋਈ ਸਜ਼ਾ ਨਿਵੇਸ਼ਕਾਂ ਦੀ ਰਕਮ ਵਾਪਸ ਨਹੀਂ ਲਿਆ ਸਕਦੀ ਅਤੇ ਨਾ ਹੀ ਆਰਥਿਕ ਅਤੇ ਮਾਨਸਿਕ ਤੌਰ 'ਤੇ ਹੋਏ ਨੁਕਸਾਨ ਦੀ ਭਰਪਾਈ ਕਰ ਸਕਦੀ ਹੈ।

ਦੂਜੇ ਪਾਸੇ ਰਾਠੌਰ ਅਤੇ ਪੈਟਰੋਜ਼ਾ ਦੇ ਵਕੀਲਾਂ ਨੇ ਉਨਟਾਰੀਓ ਕੋਰਟ ਆਫ਼ ਜਸਟਿਸ ਵਿਚ ਅਪੀਲ ਦਾਇਰ ਕਰ ਦਿਤੀ ਅਤੇ ਦੋਹਾਂ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿਤਾ ਗਿਆ। ਫੌਰਟ੍ਰੈਸ ਰੀਅਲ ਡਿਵੈਲਪਮੈਂਟਸ ਦੇ ਕੋਅ ਫ਼ਾਊਂਡਰ ਜਵਾਦ ਰਾਠੌਰ ਵੱਲੋਂ ਪੇਸ਼ ਵਕੀਲ ਸਕੋਟ ਫੈਂਟਨ ਨੇ ਦੋਸ਼ ਲਾਇਆ ਕਿ ਮੁਕੱਦਮੇ ਦੀ ਸੁਣਵਾਈ ਕਰ ਰਹੇ ਜੱਜ ਨੇ ਫ਼ੌਰਟ੍ਰੈਸ ਦੇ ਸਾਰੇ ਪ੍ਰੋਜੈਕਟਾਂ ਨਾਲ



ਸਬੰਧਤ ਸਬੂਤਾਂ ਨੂੰ ਨਜ਼ਰਅੰਦਾਜ਼ ਕਰ ਦਿਤਾ ਜਦਕਿ ਸਿਰਫ਼ ਦੋ ਪ੍ਰੋਜੈਕਟਾਂ ਵੱਲ ਧਿਆਨ ਕੇਂਦਰਤ ਕੀਤਾ ਗਿਆ। ਇਥੇ ਦਸਣਾ ਬਣਦਾ ਹੈ ਕਿ ਜਵਾਦ ਰਾਠੌਰ ਅਤੇ ਵਿੰਸ ਪੈਟਰੋਜ਼ਾ ਵੱਲੋਂ ਕੰਪਨੀ ਦੀ ਸ਼ੁਰੂਆਤ 2008 ਵਿਚ ਕੀਤੀ ਗਈ। ਕੰਪਨੀ ਵੱਲੋਂ ਆਰੰਭੀ ਵਿਲੱਖਣ ਕਿਸਮ ਦੀ ਮੌਰਗੇਜ ਯੋਜਨਾ ਲੋਕਾਂ ਵਿਚ ਬੇਹੱਦ ਮਕਬੂਲ ਹੋਈ ਅਤੇ 14 ਹਜ਼ਾਰ ਤੋਂ ਵੱਧ ਰਿਟੇਲ ਇਨਵੈਸਟਰਜ਼ ਨੇ ਕੈਨੇਡਾ ਦੇ ਵੱਖ ਵੱਖ ਸ਼ਹਿਰ ਵਿਚ 80 ਉਸਾਰੀ ਪ੍ਰੋਜੈਕਟਾਂ ਵਾਸਤੇ 920 ਮਿਲੀਅਨ ਡਾਲਰ ਦੀ ਰਕਮ ਨਿਵੇਸ਼ ਕਰ ਦਿਤੀ ਪਰ ਉਨਟਾਰੀਓ ਦੇ ਬੈਰੀ ਸ਼ਹਿਰ ਵਿਖੇ ਕੋਲੀਅਰਜ਼ ਸੈਂਟਰ ਅਤੇ ਵਿੰਨੀਪੈਗ ਦੇ ਸਕਾਈ ਸਿਟੀ ਪ੍ਰੋਜੈਕਟ ਵਿਵਾਦਾਂ ਵਿਚ ਘਿਰ ਗਏ। ਜਸਟਿਸ ਮੂਰ ਨੇ ਤਮਾਮ ਸਬੂਤਾਂ 'ਤੇ ਗੌਰ ਕਰਦਿਆਂ ਸਿੱਟਾ ਕੱਢਿਆ ਕਿ ਨਿਵੇਸ਼ਕਾਂ ਨੂੰ ਠੱਗਿਆ ਗਿਆ। ਸਰਕਾਰੀ ਵਕੀਲਾਂ ਨੇ ਜਵਾਦ ਰਾਠੌਰ ਅਤੇ ਵਿੰਸ ਪੈਟਰੋਜ਼ਾ ਨੂੰ 10 ਸਾਲ ਸਜ਼ਾ ਸੁਣਾਉਣ ਅਤੇ 26 ਮਿਲੀਅਨ ਡਾਲਰ ਦੀ ਰਕਮ ਜ਼ਬਤ ਕੀਤੇ ਜਾਣ ਦੀ ਮੰਗ ਕੀਤੀ ਜਦਕਿ ਬਚਾਅ ਪੱਖ ਦੇ ਵਕੀਲਾਂ ਨੇ 2 ਸਾਲ ਸਾਲ ਦੀ ਸ਼ਰਤੀਆ ਸਜ਼ਾ ਜਿਸ ਵਿਚ ਇਕ ਸਾਲ ਘਰ ਵਿਚ ਨਜ਼ਰਬੰਦੀ ਸ਼ਾਮਲ ਹੋਵੇ, ਦੀ ਮੰਗ ਕੀਤੀ। ਜਸਟਿਸ ਮੂਰ ਨੇ ਦੋਹਾਂ ਧਿਰਾਂ ਦੀਆਂ ਦਲੀਲਾਂ ਸੁਣਨ ਮਗਰੋਂ ਕਿਹਾ ਕਿ 10 ਸਾਲ ਦੀ ਸਜ਼ਾ ਪੌਂਜ਼ੀ ਸਕੀਮਾਂ ਦੇ ਮਾਮਲੇ ਵਿਚ ਸੁਣਾਈ ਜਾਂਦੀ ਹੈ ਪਰ ਇਥੇ ਪੌਂਜ਼ੀ ਕਿਸਮ ਵਰਗੀ ਠੱਗੀ ਸਾਹਮਣੇ ਨਹੀਂ ਆਈ। ਇਥੇ ਦਸਣਾ ਬਣਦਾ ਹੈ ਕਿ 49 ਸਾਲ ਦਾ ਜਵਾਦ ਰਾਠੌਰ ਛੇ ਬੱਚਿਆਂ ਦਾ ਪਿਉ ਹੈ ਜਦਕਿ 50 ਸਾਲਾ ਪੈਟਰੋਜ਼ਾ ਤਿੰਨ ਬੱਚਿਆਂ ਦਾ ਪਿਉ ਹੈ ਜੋ ਯੂਨੀਵਰਸਿਟੀ ਵਿਚ ਪੜ੍ਹਦੇ ਹਨ। ਜ਼ਮਾਨਤੀ ਦਸਤਾਵੇਜ਼ਾਂ ਵਿਚ ਯਕੀਨ ਦਿਵਾਇਆ ਗਿਆ ਹੈ ਕਿ ਰਾਠੌਰ ਅਤੇ ਪੈਟਰੋਜ਼ਾ ਫਰਾਰ ਨਹੀਂ ਹੋਣਗੇ ਅਤੇ ਦੋਹਾਂ ਵੱਲੋਂ 2 ਲੱਖ 75 ਹਜ਼ਾਰ ਦਾ ਬੌਂਡ ਭਰਿਆ ਗਿਆ ਹੈ।

# ਪਾਕਿਸਤਾਨ ਵੱਲੋਂ ਹਰੀ ਸਿੰਘ ਨਲੂਆ ਦਾ ਬੁੱਤ ਸਥਾਪਤ

## ਸਿੱਖ ਜਰਨੈਲ ਦਾ ਬੁੱਤ ਸਥਾਪਤ ਹੋਣ ਦਾ ਸਿੱਖ ਜਥੇਬੰਦੀਆਂ ਵੱਲੋਂ ਸਵਾਗਤ

ਕਰਤਾਰਪੁਰ, 3 ਫ਼ਰਵਰੀ (ਵਿਸ਼ੇਸ਼ ਪ੍ਰਤੀਨਿਧ) : ਪਾਕਿਸਤਾਨ ਸਰਕਾਰ ਨੇ ਕਰਤਾਰਪੁਰ ਲਾਂਘੇ ਦੀ ਆਰਟ ਗੈਲਰੀ ਵਿੱਚ ਮਹਾਨ ਸਿੱਖ ਜਰਨੈਲ ਸਰਦਾਰ ਹਰੀ ਸਿੰਘ ਨਲੂਆ ਦਾ ਬੁੱਤ ਸਥਾਪਤ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਇਸ ਤੋਂ ਤਿੰਨ ਸਾਲ ਪਹਿਲਾਂ ਪਾਕਿਸਤਾਨ ਦੇ ਖੈਬਰ ਪਖਤੂਨਖਵਾ ਸੂਬੇ ਤੋਂ ਹਰੀ ਸਿੰਘ ਨਲੂਆ ਦਾ ਬੁੱਤ ਹਟਾ ਦਿੱਤਾ ਗਿਆ ਸੀ ਤੇ ਇਸ ਵਾਰ ਕਰਤਾਰਪੁਰ ਲਾਂਘੇ ’ਤੇ ਸਿੱਖ ਜਰਨੈਲ ਦਾ ਬੁੱਤ ਸਥਾਪਤ ਕਰਨ ਨਾਲ ਪਾਕਿ ਨੇ ਆਪਣੀ ਗਲਤੀ ਸੁਧਾਰਨ ਵੱਲ ਕਦਮ ਚੁੱਕਿਆ ਹੈ। ਇਸ ਕਦਮ ਨੂੰ ਦੁਨੀਆ ਭਰ ਦੇ ਸਿੱਖ ਸੰਗਠਨਾਂ ਵਲੋਂ ਸਿੱਖ ਇਤਿਹਾਸ ਅਤੇ ਵਿਰਾਸਤ ਨੂੰ ਮਾਨਤਾ ਦੇਣ ਵੱਲ ਇੱਕ ਸਕਾਰਾਤਮਕ ਕਦਮ ਵਜੋਂ ਦੇਖਿਆ ਜਾ ਰਿਹਾ ਹੈ। ਇਸ ਬੁੱਤ ਦਾ ਉਦਘਾਟਨ 1 ਫਰਵਰੀ ਨੂੰ ਕੀਤਾ ਗਿਆ ਜਿਸ ਸਬੰਧੀ ਜਾਣਕਾਰੀ ਅਮਰੀਕਾ ਵਿੱਚ ਸਿੱਖ ਜਥੇਬੰਦੀ ਦੇ ਪ੍ਰਧਾਨ ਗੁਰਿੰਦਰ ਸਿੰਘ ਜੋਸਨ ਨੇ ਇੱਕ ਸੋਸ਼ਲ ਮੀਡੀਆ ਪੋਸਟ ਰਾਹੀਂ ਦਿੱਤੀ। ਇਸ ਨੂੰ ਇਤਿਹਾਸਕ ਪਲ ਦੱਸਦੇ ਹੋਏ, ਜੋਸਨ ਨੇ ਕਿਹਾ ਕਿ ਇਹ ਉਨ੍ਹਾਂ ਖੇਤਰਾਂ ਵਿੱਚ ਸਿੱਖ ਯੋਗਦਾਨਾਂ ਲਈ ਮਾਨਤਾ ਅਤੇ ਸਤਿਕਾਰ ਦੇ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕਰ ਸਕਦਾ ਹੈ ਜੋ ਕਦੇ ਸਿੱਖ ਸਾਮਰਾਜ ਦਾ ਹਿੱਸਾ ਸਨ। ਇਸ ਸਬੰਧੀ ਪ੍ਰਾਜੈਕਟ ਗੁਰਿੰਦਰ ਪਾਲ ਸਿੰਘ ਜੋਸਨ ਵਲੋਂ ਉਲੀਕਿਆ ਗਿਆ ਸੀ ਤੇ ਇਹ ਬੁੱਤ ਜਗਦੀਪ ਸਿੰਘ ਬਿਲਿੰਗ ਵਲੋਂ ਕੁਲਵੰਤ




ਸਿੰਘ ਦਿਓਲ ਦੀ ਅਗਵਾਈ ਹੇਠ ਮੁਕੰਮਲ ਕੀਤਾ ਗਿਆ। ਦੁਨੀਆ ਭਰ ਦੀਆਂ ਸਿੱਖ ਸੰਸਥਾਵਾਂ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ। ਦੱਸਣਾ ਬਣਦਾ ਹੈ ਕਿ ਸਰਦਾਰ ਹਰੀ ਸਿੰਘ ਨਲੂਆ (1791-1837) ਦਰਮਿਆਨ ਮਹਾਰਾਜਾ ਰਣਜੀਤ ਸਿੰਘ ਅਧੀਨ ਸਿੱਖ ਸਾਮਰਾਜ ਦੇ ਸਭ ਤੋਂ ਸ਼ਕਤੀਸ਼ਾਲੀ ਜਰਨੈਲਾਂ ਵਿੱਚੋਂ ਇੱਕ ਸਨ। ਉਨ੍ਹਾਂ ਨੇ ਖਾਲਸਾ ਰਾਜ ਦੀਆਂ ਉੱਤਰ-ਪੱਛਮੀ ਸਰਹੱਦਾਂ ਨੂੰ ਸੁਰੱਖਿਅਤ ਕਰਨ ਵਿੱਚ ਫੈਸਲਾਕੁੰਨ ਭੂਮਿਕਾ ਨਿਭਾਈ ਅਤੇ ਕਸ਼ਮੀਰ, ਪੇਸ਼ਾਵਰ ਅਤੇ ਹਜ਼ਰਾ ਦੇ ਗਵਰਨਰ ਵਜੋਂ ਸੇਵਾ ਨਿਭਾਈ। ਨਲੂਆ ਨੂੰ ਅਫਗਾਨਿਸਤਾਨ ਤੋਂ ਵਾਰ-ਵਾਰ ਹਮਲਿਆਂ ਨੂੰ ਰੋਕਣ ਅਤੇ ਇਤਿਹਾਸ ਵਿੱਚ ਪਹਿਲੀ ਵਾਰ ਖੈਬਰ ਦੱਰੇ ਤੱਕ ਸਿੱਖ ਰਾਜ ਨੂੰ ਵਧਾਉਣ ਦਾ ਸਿਹਰਾ ਦਿੱਤਾ ਜਾਂਦਾ ਹੈ, ਜਿਸ ਨਾਲ ਉਹ ਸਿੱਖ ਫੌਜੀ ਅਤੇ ਪ੍ਰਸ਼ਾਸਕੀ ਇਤਿਹਾਸ ਵਿੱਚ ਇੱਕ ਉੱਚ ਸ਼ਖਸੀਅਤ ਬਣ ਗਏ। ਕਰਤਾਰਪੁਰ ਸਥਾਪਨਾ ਤੋਂ ਬਾਅਦ ਪਾਕਿਸਤਾਨੀ ਅਧਿਕਾਰੀਆਂ ਨੇ ਹਰੀਪੁਰ ਜ਼ਿਲ੍ਹੇ ਦੇ ਸਿੱਦੀਕੀ-ਏ-ਅਕਬਰ ਚੌਕ ਤੋਂ ਹਰੀ ਸਿੰਘ ਨਲੂਆ ਦੇ ਅੱਠ ਫੁੱਟ ਉੱਚੇ ਬੁੱਤ ਨੂੰ ਹਟਾ ਦਿੱਤਾ ਸੀ। ਸ਼ਹਿਰ ਦੇ ਸੁੰਦਰੀਕਰਨ ਪ੍ਰਾਜੈਕਟ ਤਹਿਤ ਸਥਾਪਤ ਕੀਤੇ ਗਏ ਇਸ ਬੁੱਤ ਨੂੰ ਕੁਝ ਧਾਰਮਿਕ ਸਮੂਹਾਂ ਦੇ ਇਤਰਾਜ਼ਾਂ ਤੋਂ ਬਾਅਦ ਹਟਾ ਦਿੱਤਾ ਗਿਆ ਸੀ। ਇਸ ਬੁੱਤ ਨੂੰ ਹਟਾਉਣ ਦੇ ਵੀਡੀਓ ਵਾਇਰਲ ਹੋਣ ਕਾਰਨ ਵਿਵਾਦ ਵਧ ਗਿਆ ਸੀ।

# ਗਾਜ਼ਾ ਦੀ ਮਿਸਰ ਨਾਲ ਲੱਗਦੀ ਸਰਹੱਦ ਮੁੜ ਖੋਲ੍ਹੀ

## ਫ਼ਿਲਹਾਲ ਸੀਮਤ ਆਵਾਜਾਈ ਹੋਵੇਗੀ

ਕਾਹਿਰਾ, 3 ਫ਼ਰਵਰੀ (ਵਿਸ਼ੇਸ਼ ਪ੍ਰਤੀਨਿਧ) : ਮਿਸਰ ਅਤੇ ਇਜ਼ਰਾਈਲ ਦੇ ਸੁਰੱਖਿਆ ਅਧਿਕਾਰੀਆਂ ਨੇ ਕਿਹਾ ਕਿ ਗਾਜ਼ਾ ਦੀ ਮਿਸਰ ਨਾਲ ਲੱਗਦੀ ਰਾਫਾਹ ਸਰਹੱਦ ਸੀਮਤ ਆਵਾਜਾਈ ਲਈ ਮੁੜ ਖੋਲ੍ਹ ਦਿੱਤੀ ਗਈ ਹੈ। ਇਹ ਹਮਾਸ ਨਾਲ ਜੰਗਬੰਦੀ ਦੇ ਅੱਗੇ ਵਧਣ ਦੀ ਦਿਸ਼ਾ ਵਿੱਚ ਅਹਿਮ ਕਦਮ ਹੈ। ਮਿਸਰ ਦੇ ਅਧਿਕਾਰੀ ਨੇ ਦੱਸਿਆ ਕਿ ਸਰਹੱਦ ਖੋਲ੍ਹੇ ਜਾਣ ਦੇ ਪਹਿਲੇ ਦਿਨ 50 ਫ਼ਲਸਤੀਨੀ ਆ-ਜਾ ਸਕਣਗੇ; ਹਾਲਾਂਕਿ ਇਸ ਦੇ ਖੁੱਲ੍ਹਣ ਦੇ ਪਹਿਲੇ ਘੰਟੇ ਦੌਰਾਨ ਕਿਸੇ ਨੂੰ ਵੀ ਉੱਥੋਂ ਲੰਘਦੇ ਨਹੀਂ ਦੇਖਿਆ ਗਿਆ।

ਜੰਗਬੰਦੀ ਸਮਝੌਤਾ ਲਾਗੂ ਕਰਨ ਨਾਲ ਜੁੜੀ ਗੱਲਬਾਤ ਵਿੱਚ ਸ਼ਾਮਲ ਇਸ ਅਧਿਕਾਰੀ ਨੇ ਨਾਮ ਨਾ ਛਾਪਣ ਦੀ ਸ਼ਰਤ ’ਤੇ ਇਹ ਜਾਣਕਾਰੀ ਦਿੱਤੀ। ਮਿਸਰ ਦੀ ਸਰਕਾਰੀ ਮੀਡੀਆ ਨੇ ਵੀ ਰਾਫਾਹ ਸਰਹੱਦ ਦੇ ਮੁੜ ਖੋਲ੍ਹੇ ਜਾਣ ਦੀ ਪੁਸ਼ਟੀ ਕੀਤੀ ਹੈ।



ਗਾਜ਼ਾ ਦੇ ਸਿਹਤ ਅਧਿਕਾਰੀਆਂ ਅਨੁਸਾਰ, ਲਗਪਗ 20,000 ਫ਼ਲਸਤੀਨੀ ਬੱਚੇ ਅਤੇ ਬਾਲਗ, ਜਿਨ੍ਹਾਂ ਨੂੰ ਮੈਡੀਕਲ ਸਹਾਇਤਾ ਦੀ ਲੋੜ ਹੈ, ਇਸ ਸਰਹੱਦੀ ਰਸਤੇ ਰਾਹੀਂ ਤਬਾਹ ਹੋਏ ਗਾਜ਼ਾ ਤੋਂ ਬਾਹਰ ਨਿਕਲਣ ਦੀ ਉਮੀਦ ਕਰ ਰਹੇ ਹਨ। ਖੇਤਰ ਤੋਂ ਬਾਹਰ ਰਹਿ ਰਹੇ ਹਜ਼ਾਰਾਂ ਹੋਰ ਫ਼ਲਸਤੀਨੀ ਵੀ ਇਸ ਸਰਹੱਦੀ ਰਸਤੇ ਰਾਹੀਂ ਆਪਣੇ ਘਰ ਪਰਤਣ ਦੀ ਉਮੀਦ ਕਰ ਰਹੇ ਹਨ।

# ਭਾਰਤ-ਅਮਰੀਕਾ ਵਿਚਾਲੇ ਵਪਾਰ ਸਮਝੌਤੇ ਲਈ ਬਣੀ ਸਹਿਮਤੀ



ਵਾਸ਼ਿੰਗਟਨ, 3 ਫ਼ਰਵਰੀ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਨੇ ਭਾਰਤ ਤੋਂ ਆਯਾਤ ਕੀਤੇ ਜਾਣ ਵਾਲੇ ਸਮਾਨ ‘ਤੇ ਟੈਰਿਫ ਘਟਾ ਕੇ 18 ਪ੍ਰਤੀਸ਼ਤ ਕਰ ਦਿੱਤਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਸ਼ਲ ਮੀਡੀਆ ‘ਤੇ ਇਸ ਸਬੰਧੀ ਜਾਣਕਾਰੀ ਸਾਂਝੀ ਕੀਤੀ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਹ ਵੀ ਕਿਹਾ ਕਿ ਭਾਰਤ ਅਤੇ ਅਮਰੀਕਾ ਵਿਚਕਾਰ ਇੱਕ ਵਪਾਰ ਸਮਝੌਤਾ ਹੋ ਗਿਆ ਹੈ। ਹਾਲਾਂਕਿ, ਭਾਰਤੀ ਪ੍ਰਧਾਨ ਮੰਤਰੀ ਦੀ ਪੋਸਟ ਵਿੱਚ ਵਪਾਰ ਸਮਝੌਤੇ ਬਾਰੇ ਕੋਈ ਜਾਣਕਾਰੀ ਨਹੀਂ ਹੈ।

ਰਾਸ਼ਟਰਪਤੀ ਟਰੰਪ ਨੇ ਟਰੂਥ ਸੋਸ਼ਲ ‘ਤੇ ਲਿਖਿਆ ਕਿ ਅਮਰੀਕਾ ਅਤੇ ਭਾਰਤ ਵਿਚਕਾਰ ਇੱਕ ਵਪਾਰ ਸਮਝੌਤਾ ਹੋ ਗਿਆ ਹੈ, ਜਿਸ ਦੇ ਤਹਿਤ ਅਮਰੀਕਾ ਨੇ ਟੈਰਿਫ ਨੂੰ 25 ਪ੍ਰਤੀਸ਼ਤ ਤੋਂ ਘਟਾ ਕੇ 18 ਪ੍ਰਤੀਸ਼ਤ ਕਰ ਦਿੱਤਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਮੈਨੂੰ ਇਹ ਜਾਣ ਕੇ ਖੁਸ਼ੀ ਹੋ ਰਹੀ ਹੈ ਕਿ ਮੇਡ ਇਨ ਇੰਡੀਆ ਉਤਪਾਦਾਂ ‘ਤੇ ਟੈਰਿਫ ਹੁਣ 18% ਕਰ ਦਿੱਤਾ ਗਿਆ ਹੈ।

# ਰੂਸੀ ਤੇਲ ਦੀ ਖ਼ਰੀਦ ਘਟਾਏਗਾ ਭਾਰਤ; ਸਿਰਫ਼ ਬੇਹੱਦ ਜ਼ਰੂਰੀ ਸਪਲਾਈ ਦੀ ਹੀ ਹੋਵੇਗੀ ਦਰਾਮਦ

## ਅਮਰੀਕਾ ਨੇ ਭਾਰਤੀ ਵਸਤਾਂ ’ਤੇ ਟੈਰਿਫ ਘਟਾ ਕੇ 18 ਫੀਸਦ ਕੀਤਾ

ਨਵੀਂ ਦਿੱਲੀ, 3 ਫ਼ਰਵਰੀ (ਵਿਸ਼ੇਸ਼ ਪ੍ਰਤੀਨਿਧ) : India-US Trade: ਅਮਰੀਕਾ ਨਾਲ ਹੋਏ ਇੱਕ ਵੱਡੇ ਵਪਾਰਕ ਸਮਝੌਤੇ ਤਹਿਤ ਭਾਰਤ ਹੁਣ ਰੂਸ ਤੋਂ ਕੱਚੇ ਤੇਲ ਦੀ ਖਰੀਦ ਨੂੰ ਸੀਮਤ ਕਰੇਗਾ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਕੀਤੇ ਗਏ ਐਲਾਨ ਅਨੁਸਾਰ, ਭਾਰਤ ਰੂਸੀ ਤੇਲ ਦੀ ਖਰੀਦ ਬੰਦ ਕਰਨ ਅਤੇ ਅਮਰੀਕਾ ਤੋਂ ਊਰਜਾ, ਤਕਨਾਲੋਜੀ ਅਤੇ ਖੇਤੀਬਾੜੀ ਉਤਪਾਦਾਂ ਦੀ ਖਰੀਦ ਵਧਾਉਣ ਲਈ ਸਹਿਮਤ ਹੋ ਗਿਆ ਹੈ।

ਇਸ ਦੇ ਬਦਲੇ ਅਮਰੀਕਾ ਨੇ ਭਾਰਤੀ ਨਿਰਯਾਤ ’ਤੇ ਲੱਗਣ ਵਾਲੇ ਟੈਰਿਫ (Tariff) ਨੂੰ 25 ਫੀਸਦ ਤੋਂ ਘਟਾ ਕੇ 18 ਫੀਸਦ ਕਰ ਦਿੱਤਾ ਹੈ। ਇਸ ਤੋਂ ਇਲਾਵਾ, ਰੂਸੀ ਤੇਲ ਖਰੀਦਣ ਕਾਰਨ ਭਾਰਤ ’ਤੇ ਲਗਾਇਆ ਗਿਆ 25 ਫੀਸਦ ਦਾ ਵਾਧੂ ਟੈਰਿਫ (Punitive Tariff) ਵੀ ਹਟਾ ਲਿਆ ਗਿਆ ਹੈ, ਜਿਸ ਨਾਲ ਭਾਰਤ ਨੂੰ ਵੱਡੀ ਰਾਹਤ ਮਿਲੇਗੀ।

ਸੂਤਰਾਂ ਅਨੁਸਾਰ, ਭਾਰਤੀ ਰਿਫਾਇਨਰੀਆਂ ਪੁਰਾਣੇ




ਆਰਡਰਾਂ ਨੂੰ ਤਾਂ ਪੂਰਾ ਕਰਨਗੀਆਂ ਪਰ ਨਵੇਂ ਆਰਡਰ ਨਹੀਂ ਦੇਣਗੀਆਂ। ਹਾਲਾਂਕਿ, ਨਾਇਰਾ ਐਨਰਜੀ (Nayara Energy) ਵਰਗੀਆਂ ਕੰਪਨੀਆਂ, ਜਿਨ੍ਹਾਂ ਕੋਲ ਕੋਈ ਹੋਰ ਬਦਲ ਨਹੀਂ ਹੈ, ਨੂੰ ਫਿਲਹਾਲ ਰੂਸੀ ਤੇਲ ਖਰੀਦਣ ਦੀ ਛੋਟ ਮਿਲ ਸਕਦੀ ਹੈ।

ਭਾਰਤ ਨੇ ਅਗਲੇ ਪੰਜ ਸਾਲਾਂ ਵਿੱਚ ਅਮਰੀਕਾ ਤੋਂ 500 ਬਿਲੀਅਨ ਡਾਲਰ ਦਾ ਸਾਮਾਨ ਖਰੀਦਣ ਦਾ ਵਾਅਦਾ ਵੀ ਕੀਤਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਸ ਫੈਸਲੇ ਨਾਲ ਰੂਸੀ ਤੇਲ ’ਤੇ ਭਾਰਤ ਦੀ ਨਿਰਭਰਤਾ ਘਟੇਗੀ ਅਤੇ ਅਮਰੀਕਾ ਤੇ ਵੈਨੇਜ਼ੁਏਲਾ ਤੋਂ ਤੇਲ ਦੀ ਆਮਦ ਵਧੇਗੀ। ਇਸ ਸਮਝੌਤੇ ਨੂੰ ਭਾਰਤ-ਅਮਰੀਕਾ ਸਬੰਧਾਂ ਵਿੱਚ ਇੱਕ ਇਤਿਹਾਸਕ ਮੋੜ ਮੰਨਿਆ ਜਾ ਰਿਹਾ ਹੈ। ਰੂਸ ਨੇ ਉਨ੍ਹਾਂ ਰਿਪੋਰਟਾਂ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ ਜਿਨ੍ਹਾਂ ਵਿੱਚ ਦਾਅਵਾ ਕੀਤਾ ਜਾ ਰਿਹਾ ਸੀ ਕਿ ਭਾਰਤ ਰੂਸੀ ਤੇਲ ਦੀ ਖਰੀਦ ਬੰਦ ਕਰਨ ਜਾ ਰਿਹਾ ਹੈ। ਕ੍ਰੈਮਲਿਨ ਦੇ ਬੁਲਾਰੇ ਡਮਿਟਰੀ ਪੇਸਕੋਵ ਨੇ ਮੰਗਲਵਾਰ ਨੂੰ ਸਪੱਸ਼ਟ ਕੀਤਾ ਕਿ ਰੂਸ ਨੂੰ ਨਵੀਂ ਦਿੱਲੀ ਵੱਲੋਂ ਅਜਿਹਾ ਕੋਈ ਵੀ ਸੁਨੇਹਾ ਜਾਂ ਅਧਿਕਾਰਤ ਬਿਆਨ ਨਹੀਂ ਮਿਲਿਆ ਹੈ। ਇਹ ਬਿਆਨ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਉਸ ਦਾਅਵੇ ਤੋਂ ਬਾਅਦ ਆਇਆ ਹੈ, ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਪ੍ਰਧਾਨ ਮੰਤਰੀ ਮੋਦੀ ਰੂਸੀ ਤੇਲ ਛੱਡ ਕੇ ਅਮਰੀਕਾ ਅਤੇ ਵੈਨੇਜ਼ੁਏਲਾ ਤੋਂ ਤੇਲ ਖਰੀਦਣ ਲਈ ਸਹਿਮਤ ਹੋ ਗਏ ਹਨ। ਰੂਸ ਦੇ ਊਰਜਾ ਮੰਤਰਾਲੇ ਨੇ ਵੀ ਪੁਸ਼ਟੀ ਕੀਤੀ ਹੈ ਕਿ ਭਾਰਤੀ ਰਿਫਾਇਨਰੀਆਂ ਵੱਲੋਂ ਕਿਸੇ ਵੀ ਇਕਰਾਰਨਾਮੇ ਨੂੰ ਰੱਦ ਕਰਨ ਦਾ ਕੋਈ ਨੋਟਿਸ ਨਹੀਂ ਮਿਲਿਆ। ਪਿਛਲੇ ਕੁਝ ਸਾਲਾਂ ਵਿੱਚ ਭਾਰਤ ਰੂਸੀ ਤੇਲ ਦਾ ਇੱਕ ਵੱਡਾ ਖਰੀਦਦਾਰ ਬਣ ਕੇ ਉੱਭਰਿਆ ਹੈ, ਖਾਸ ਕਰਕੇ 2022 ਵਿੱਚ ਯੂਕਰੇਨ ਜੰਗ ਤੋਂ ਬਾਅਦ ਜਦੋਂ ਪੱਛਮੀ ਦੇਸ਼ਾਂ ਨੇ ਰੂਸ ’ਤੇ ਪਾਬੰਦੀਆਂ ਲਗਾਈਆਂ ਸਨ। ਹਾਲਾਂਕਿ, ਅੰਕੜੇ ਦੱਸਦੇ ਹਨ ਕਿ ਜਨਵਰੀ ਦੇ ਪਹਿਲੇ ਤਿੰਨ ਹਫ਼ਤਿਆਂ ਵਿੱਚ ਰੂਸੀ ਤੇਲ ਦੀ ਦਰਾਮਦ ਵਿੱਚ ਕੁਝ ਗਿਰਾਵਟ ਆਈ ਹੈ ਅਤੇ ਇਰਾਕ ਤੇ ਸਊਦੀ ਅਰਬ ਤੋਂ ਸਪਲਾਈ ਵਧੀ ਹੈ। ਟਰੰਪ ਨੇ ‘ਟਰੂਥ ਸੋਸ਼ਲ’ ’ਤੇ ਪੋਸਟ ਕਰਦਿਆਂ ਕਿਹਾ ਸੀ ਕਿ ਭਾਰਤ ਅਤੇ ਅਮਰੀਕਾ ਵਿਚਾਲੇ ਇੱਕ ਵਪਾਰਕ ਸਮਝੌਤਾ ਹੋਇਆ ਹੈ, ਜਿਸ ਤਹਿਤ ਅਮਰੀਕਾ ਭਾਰਤ ’ਤੇ ਲਗਾਈ ਟੈਰਿਫ ਦਰ 25 ਫੀਸਦੀ ਤੋਂ ਘਟਾ ਕੇ 18 ਫੀਸਦੀ ਕਰੇਗਾ।

# ਰੂਸ ਨੂੰ ਤੇਲ ਦੀ ਖਰੀਦ ਰੋਕਣ ਬਾਰੇ ਭਾਰਤ ਤੋਂ ਨਹੀਂ ਮਿਲਿਆ ਕੋਈ ਸੁਨੇਹਾ: ਕ੍ਰੇਮਲਿਨ ਦੇ ਬੁਲਾਰੇ

ਮਾਸਕੋ, 3 ਫ਼ਰਵਰੀ (ਵਿਸ਼ੇਸ਼ ਪ੍ਰਤੀਨਿਧ) : ਰੂਸ ਸਰਕਾਰ ਦੇ ਬੁਲਾਰੇ ਦਿਮਿੱਤਰੀ ਪੇਸਕੋਵ ਨੇ ਕਿਹਾ ਕਿ ਰੂਸ ਨੇ ਰੂਸ ਦੀ ਤੇਲ ਖਰੀਦ ਨੂੰ ਰੋਕਣ ਬਾਰੇ ਭਾਰਤ ਤੋਂ ਕੋਈ ਬਿਆਨ ਨਹੀਂ ਸੁਣਿਆ ਹੈ। ਉਨ੍ਹਾਂ ਦੀ ਇਹ ਟਿਪਣੀ ਉਸ ਸਮੇਂ ਆਈ ਹੈ ਜਦੋਂ ਇਕ ਦਿਨ ਬਾਅਦ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦਾਅਵਾ ਕੀਤਾ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਰੂਸੀ ਤੇਲ ਖਰੀਦਣਾ ਬੰਦ ਕਰਨ ਅਤੇ ਅਮਰੀਕਾ ਅਤੇ ਸੰਭਾਵਤ ਤੌਰ ਉਤੇ ਵੈਨੇਜ਼ੁਏਲਾ ਤੋਂ ਹੋਰ ਵੀ ਜ਼ਿਆਦਾ ਖਰੀਦਣ ਲਈ ਸਹਿਮਤ ਹੋ ਗਏ ਹਨ।

ਪੇਸਕੋਵ ਨੇ ਕਿਹਾ, ‘‘ਅਸੀਂ ਅਜੇ ਤਕ ਇਸ ਮਾਮਲੇ ਉਤੇ ਨਵੀਂ ਦਿੱਲੀ ਤੋਂ ਕੋਈ ਬਿਆਨ ਨਹੀਂ ਸੁਣਿਆ ਹੈ।’’ ਰੂਸੀ ਮੀਡੀਆ ਰੀਪੋਰਟਾਂ ਮੁਤਾਬਕ ਕ੍ਰੇਮਲਿਨ ਦੇ



ਬੁਲਾਰੇ ਨੇ ਇਹ ਵੀ ਕਿਹਾ ਕਿ ਰੂਸ ਭਾਰਤ ਨਾਲ ਅਪਣੇ ਸਬੰਧਾਂ ਨੂੰ ਹਰ ਸੰਭਵ ਤਰੀਕੇ ਨਾਲ ਵਿਕਸਿਤ ਕਰਨਾ ਜਾਰੀ ਰੱਖਣ ਦਾ ਇਰਾਦਾ ਰੱਖਦਾ ਹੈ। ਉਪ ਪ੍ਰਧਾਨ ਮੰਤਰੀ ਅਲੈਗਜ਼ੈਂਡਰ ਨੋਵਾਕ, ਜੋ ਕੈਬਨਿਟ ਵਿਚ ਊਰਜਾ ਖੇਤਰ ਦੀ ਨਿਗਰਾਨੀ ਕਰਦੇ ਹਨ, ਨੇ ਕਿਹਾ ਕਿ ਸਰਕਾਰ ਸਥਿਤੀ ਉਤੇ ਨੇੜਿਓਂ ਨਜ਼ਰ ਰੱਖ ਰਹੀ ਹੈ। ਉਨ੍ਹਾਂ ਕਿਹਾ ਕਿ ਰੂਸ ਨੂੰ ਭਰੋਸਾ ਹੈ ਕਿ ਉਸ ਦੇ ਊਰਜਾ ਸਰੋਤਾਂ ਦੀ ਵਿਸ਼ਵ ਪੱਧਰ ਉਤੇ ਮੰਗ ਜਾਰੀ ਰਹੇਗੀ, ਕਿਉਂਕਿ ਉਹ ਸਪਲਾਈ ਅਤੇ ਮੰਗ ਵਿਚਕਾਰ ਸੰਤੁਲਨ ਨੂੰ ਯਕੀਨੀ ਬਣਾਉਂਦੇ ਹਨ। ਰੂਸ ਦੇ ਊਰਜਾ ਮੰਤਰਾਲੇ ਦੇ ਸੂਤਰਾਂ ਨੇ ਕਿਹਾ ਕਿ ਉਨ੍ਹਾਂ ਨੂੰ ਭਾਰਤੀ ਰਿਫਾਇਨਰਾਂ ਤੋਂ ਇਕਰਾਰਨਾਮੇ ਰੱਦ ਕਰਨ ਲਈ ਕੋਈ ਨੋਟਿਸ ਨਹੀਂ ਮਿਲਿਆ ਹੈ। ਜ਼ਿਕਰਯੋਗ ਹੈ ਕਿ ਟਰੱਥ ਸੋਸ਼ਲ ਉਤੇ ਇਕ ਪੋਸਟ ’ਚ ਟਰੰਪ ਨੇ ਸੋਮਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲਬਾਤ ਕਰਦਿਆਂ ਐਲਾਨ ਕੀਤਾ ਕਿ ਭਾਰਤ ਅਤੇ ਅਮਰੀਕਾ ਇਕ ਵਪਾਰ ਸਮਝੌਤੇ ਉਤੇ ਸਹਿਮਤ ਹੋਏ ਹਨ, ਜਿਸ ਦੇ ਤਹਿਤ ਵਾਸ਼ਿੰਗਟਨ ਦਿੱਲੀ ਉਤੇ ਜਵਾਬੀ ਟੈਰਿਫ ਘਟਾਏਗਾ ਅਤੇ ਇਸ ਨੂੰ 25 ਫ਼ੀ ਸਦੀ ਤੋਂ ਘਟਾ ਕੇ 18 ਫ਼ੀ ਸਦੀ ਕਰ ਦੇਵੇਗਾ।

# ਅਮਰੀਕਾ ਵਿਚ ਆਈਸ ਨੇ ਕਾਬੂ ਕੀਤੇ 2 ਪੰਜਾਬੀ

## ਫ਼ੈਡਰਲ ਅਦਾਲਤ ਵੱਲੋਂ 3.5 ਲੱਖ ਪ੍ਰਵਾਸੀਆਂ ਦੇ ਹੱਕ ਵਿਚ ਫੈਸਲਾ

ਨਿਊ ਯਾਰਕ, 3 ਫ਼ਰਵਰੀ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਵਿਚ ਆਈਸ ਏਜੰਟਾਂ ਵੱਲੋਂ 2 ਪੰਜਾਬੀਆਂ ਦੀ ਗ੍ਰਿਫ਼ਤਾਰੀ ਦਰਮਿਆਨ ਇਕ ਫ਼ੈਡਰਲ ਅਦਾਲਤ ਨੇ 3 ਲੱਖ 50 ਹਜ਼ਾਰ ਲੋਕਾਂ ਨੂੰ ਡਿਪੋਰਟ ਕਰਨ ਲਈ ਕੀਤੇ ਜਾ ਰਹੇ ਯਤਨਾਂ ‘ਤੇ ਰੋਕ ਲਾ ਦਿਤੀ ਹੈ।

ਜ਼ਿਲ੍ਹਾ ਜੱਜ ਐਨਾ ਰੇਜ਼ ਵੱਲੋਂ ਪ੍ਰਵਾਸੀਆਂ ਦੇ ਹੱਕ ਵਿਚ ਸੁਣਾਏ ਫ਼ੈਸਲੇ ਵਿਰੁੱਧ ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਉਰਿਟੀ ਨੇ ਉਚ ਅਦਾਲਤ ਵਿਚ ਜਾਣ ਦੀ ਬਜਾਏ ਸੁਪਰੀਮ ਕੋਰਟ ਦਾ ਦਖ਼ਲ ਮੰਗਿਆ ਹੈ। ਦੂਜੇ ਪਾਸੇ ਡੀ.ਐਚ.ਐਸ. ਵੱਲੋਂ ਜਾਰੀ ਬਿਆਨ ਮੁਤਾਬਕ ਇੰਮੀਗ੍ਰੇਸ਼ਨ ਛਾਪੇ ਦੌਰਾਨ ਕਾਬੂ ਕੀਤੇ ਚਰਨਜੀਤ ਸਿੰਘ ਨੂੰ ਬੱਚੇ ਉਤੇ ਜ਼ੁਲਮ ਢਾਹੁਣ, ਨਸ਼ੀਲੇ ਪਦਾਰਥ ਰੱਖਣ ਅਤੇ ਕਾਨੂੰਨੀ



ਕਾਰਵਾਈ ਤੋਂ ਬਚਣ ਲਈ ਫਰਾਰ ਹੋਣ ਦੇ ਦੋਸ਼ ਹੇਠ ਕਾਬੂ ਕੀਤਾ ਗਿਆ ਹੈ ਅਤੇ ਜਲਦ ਹੀ ਡਿਪੋਰਟ ਕੀਤੇ ਜਾ ਰਿਹਾ ਹੈ। ਇਸੇ ਦੌਰਾਨ ਇਕ ਪੰਜਾਬੀ ਟਰੱਕ ਡਰਾਈਵਰ ਨੂੰ ਮਿਨੇਸੋਟਾ ਸੂਬੇ ਵਿਚੋਂ ਲੰਘਦਿਆਂ ਗ੍ਰਿਫ਼ਤਾਰ ਕੀਤਾ ਗਿਆ ਹੈ ਜਿਥੇ ਗੈਰਕਾਨੂੰਨੀ ਪ੍ਰਵਾਸੀਆਂ ਵਿਰੁੱਧ ਵੱਡੇ ਪੱਧਰ ‘ਤੇ ਕਾਰਵਾਈ ਚੱਲ ਰਹੀ ਹੈ। ਦੂਜੇ ਪਾਸੇ ਨਿਊ ਯਾਰਕ ਸੂਬੇ ਦੇ ਡਿਪਾਰਟਮੈਂਟ ਆਫ਼ ਮੋਟਰ ਵ੍ਹੀਕਲਜ਼ ਵੱਲੋਂ ਨੌਨ-ਡੌਮੀਸਾਈਲ ਟਰੱਕ ਡਰਾਈਵਰਾਂ ਦੇ ਵੇਰਵੇ ਜਨਤਕ ਨਾ ਕੀਤੇ ਜਾਣ ਵਿਰੁੱਧ ਅਦਾਲਤ ਵਿਚ ਮੁਕੱਦਮਾ ਦਾਇਰ ਕੀਤਾ ਗਿਆ ਹੈ। ਫੈਡਰੇਸ਼ਨ ਫ਼ੌਰ ਅਮੈਰਿਕਨ ਇੰਮੀਗ੍ਰੇਸ਼ਨ ਰਿਫ਼ਾਰਮ ਵੱਲੋਂ ਦਾਇਰ ਮੁਕੱਦਮਾ ਕਹਿੰਦਾ ਹੈ ਕਿ ਇੰਮੀਗ੍ਰੇਸ਼ਨ ਪੱਖੋਂ ਕੱਚੇ ਡਰਾਈਵਰਾਂ ਦੇ ਵੇਰਵੇ ਜਨਤਕ ਹੋਣੇ ਚਾਹੀਦੇ ਹਨ ਜਿਸ ਨਾਲ ਆਈਸ ਵਾਲਿਆਂ ਨੂੰ ਫੜੋ-ਫੜੀ ਕਰਨੀ ਸੌਖੀ ਹੋ ਜਾਵੇਗੀ। ਇਥੇ ਦਸਣਾ ਬਣਦਾ ਹੈ ਕਿ ਨਿਊ ਯਾਰਕ ਵਿਚ ਸੈਂਕੜੇ ਨੌਨ ਡੌਮੀਸਾਈਲ ਟਰੱਕ ਡਰਾਈਵਰਾਂ ਨੂੰ ਕਮਰਸ਼ੀਅਲ ਡਰਾਈਵਰਜ਼ ਲਾਇਸੰਸ ਜਾਰੀ ਹੋਏ ਜਿਨ੍ਹਾਂ ਵਿਚ ਪੰਜਾਬੀ ਡਰਾਈਵਰ ਵੀ ਸ਼ਾਮਲ ਹਨ।

# ਭਾਰਤ-ਅਮਰੀਕਾ ਸਮਝੌਤਾ 'ਮੇਕ ਇਨ ਇੰਡੀਆ' ਨੂੰ ਉਤਸ਼ਾਹਿਤ ਕਰੇਗਾ: ਜੈਸ਼ੰਕਰ

## ਟਰੰਪ ਨੇ ਭਾਰਤ 'ਤੇ ਟੈਕਸ ਘਟਾ ਕੇ 18 ਫੀਸਦੀ ਕੀਤਾ

ਨਵੀਂ ਦਿੱਲੀ, 3 ਫ਼ਰਵਰੀ (ਵਿਸ਼ੇਸ਼ ਪ੍ਰਤੀਨਿਧ) : ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਭਾਰਤ-ਅਮਰੀਕਾ ਵਪਾਰ ਸਮਝੌਤੇ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਦੋਵਾਂ ਅਰਥਵਿਵਸਥਾਵਾਂ ਵਿੱਚ ਵਿਕਾਸ ਨੂੰ ਉਤਸ਼ਾਹਿਤ ਕਰੇਗਾ ਅਤੇ ਦੇਸ਼ ਦੇ 'ਮੇਕ ਇਨ ਇੰਡੀਆ' ਯਤਨਾਂ ਨੂੰ ਮਜ਼ਬੂਤ ਕਰੇਗਾ। ਅਮਰੀਕਾ ਦੇ ਤਿੰਨ ਦਿਨਾ ਦੌਰੇ 'ਤੇ ਆਏ ਜੈਸ਼ੰਕਰ ਨੇ ਕਿਹਾ ਕਿ ਉਹ ਦੁਵੱਲੇ ਵਪਾਰ ਸਬੰਧੀ ਕੀਤੇ ਐਲਾਨਾਂ ਦਾ ਸਵਾਗਤ ਕਰਦੇ ਹਨ। ਭਾਰਤ ਅਤੇ ਅਮਰੀਕਾ ਇੱਕ ਵਪਾਰ ਸਮਝੌਤੇ 'ਤੇ ਸਹਿਮਤ ਹੋਏ ਹਨ ਜਿਸ ਤਹਿਤ ਵਾਸ਼ਿੰਗਟਨ ਭਾਰਤੀ ਵਸਤੂਆਂ 'ਤੇ ਟੈਰਿਫ ਨੂੰ 25 ਪ੍ਰਤੀਸ਼ਤ ਤੋਂ ਘਟਾ ਕੇ 18 ਪ੍ਰਤੀਸ਼ਤ ਕਰੇਗਾ। ਇਸ ਸਬੰਧੀ ਐਲਾਨ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸੋਮਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਫ਼ੋਨ 'ਤੇ ਗੱਲਬਾਤ ਕਰਨ ਤੋਂ ਬਾਅਦ ਕੀਤਾ। ਜੈਸ਼ੰਕਰ ਨੇ ਐਕਸ 'ਤੇ ਇੱਕ ਪੋਸਟ ਪਾ ਕੇ ਕਿਹਾ, 'ਇਸ ਸਮਝੌਤੇ ਨਾਲ ਨੌਕਰੀਆਂ ਵਧਣਗੀਆਂ ਤੇ ਇਹ ਵਿਕਾਸ ਨੂੰ ਉਤਸ਼ਾਹਿਤ ਕਰੇਗਾ ਅਤੇ ਦੋਵਾਂ ਅਰਥਵਿਵਸਥਾਵਾਂ ਵਿੱਚ ਨਵੇਂ ਕੰਮ ਹੋਣਗੇ। ਇਹ



ਮੇਕ ਇਨ ਇੰਡੀਆ ਦੀਆਂ ਕੋਸ਼ਿਸ਼ਾਂ ਨੂੰ ਮਜ਼ਬੂਤ ਕਰੇਗਾ ਅਤੇ ਤਕਨਾਲੋਜੀ ਬਾਰੇ ਸਬੰਧਾਂ ਨੂੰ ਉਤਸ਼ਾਹਿਤ ਕਰੇਗਾ। ਸਾਡੇ ਆਰਥਿਕ ਸਬੰਧਾਂ ਵਿੱਚ ਮੌਕੇ ਸੱਚਮੁੱਚ ਬਹੁਤ ਜ਼ਿਆਦਾ ਹਨ ਅਤੇ ਸਾਨੂੰ ਉਨ੍ਹਾਂ ਨੂੰ ਸਾਕਾਰ ਕਰਨ ਦਾ ਵਿਸ਼ਵਾਸ ਹੈ। ਇੱਕ ਮਜ਼ਬੂਤ ਆਰਥਿਕ ਸਬੰਧ ਸਾਡੀ ਰਣਨੀਤਕ ਭਾਈਵਾਲੀ ਦੀ ਸਭ ਤੋਂ ਮਜ਼ਬੂਤ ਨੀਂਹ ਹੈ।' ਵਪਾਰ ਸਮਝੌਤੇ ਦੇ ਐਲਾਨ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਉਹ ਖੁਸ਼ ਹਨ ਕਿ 'ਮੇਡ ਇਨ ਇੰਡੀਆ' ਉਤਪਾਦਾਂ 'ਤੇ ਹੁਣ ਟੈਕਸ ਵਿਚ ਕਟੌਤੀ ਕੀਤੀ ਜਾਵੇਗੀ। ਇਸ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਸੀ ਕਿ ਅਮਰੀਕਾ ਤੇ ਭਾਰਤ ਵਪਾਰ ਸਮਝੌਤੇ ਲਈ ਸਹਿਮਤ ਹੋ ਗਏ ਹਨ। ਇਸ ਕਰਾਰ ਤਹਿਤ ਅਮਰੀਕਾ ਭਾਰਤ ਤੋਂ ਦਰਾਮਦ ਵਸਤਾਂ 'ਤੇ ਲੱਗਦੇ ਟੈਰਿਫ ਨੂੰ 25 ਫੀਸਦ ਤੋਂ ਘਟਾ ਕੇ 18 ਫੀਸਦ ਕਰੇਗਾ। ਟਰੰਪ ਨੇ ਦਾਅਵਾ ਕੀਤਾ ਕਿ ਭਾਰਤ ਨੇ ਰੂਸੀ ਤੇਲ ਦੀ ਖਰੀਦ ਬੰਦ ਕਰਨ ਦੀ ਸਹਿਮਤੀ ਦਿੱਤੀ ਹੈ ਤੇ ਉਹ ਹੁਣ ਅਮਰੀਕਾ ਤੇ ਵੈਨੇਜ਼ੁਏਲਾ ਤੋਂ ਵੱਧ ਤੇਲ ਖਰੀਦੇਗਾ। ਅਮਰੀਕੀ ਸਦਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਫੋਨ 'ਤੇ ਗੱਲਬਾਤ ਮਗਰੋਂ ਦੋਵੇਂ ਮੁਲਕਾਂ ਵਿਚ ਵਪਾਰ ਸਮਝੌਤੇ ਬਾਰੇ ਸਹਿਮਤੀ ਬਣੀ ਹੈ। ਨਵੀਂ ਦਿੱਲੀ ਵਿਚ ਅਮਰੀਕੀ ਰਾਜਦੂਤ ਸਰਜੀਓ ਗੋਰ ਨੇ ਸੋਸ਼ਲ ਮੀਡੀਆ ਪੋਸਟ ਵਿਚ ਸੋਮਵਾਰ ਨੂੰ ਟਰੰਪ-ਮੋਦੀ ਗੱਲਬਾਤ ਦੀ ਪੁਸ਼ਟੀ ਕੀਤੀ।

# ਇਰਾਨ ਸੰਕਟ ਦੇ ਚੱਲਦਿਆਂ ਇੰਡੀਗੋ ਨੇ ਰੱਦ ਕੀਤੀਆਂ ਉਡਾਣਾਂ

## ਤਬਿਲਿਸੀ, ਅਲਮਾਟੀ ਸਮੇਤ ਕਈ ਕੌਮਾਂਤਰੀ ਰੂਟਾਂ 'ਤੇ 28 ਫਰਵਰੀ ਤੱਕ ਲੱਗੀ ਰੋਕ


ਨਵੀਂ ਦਿੱਲੀ, 3 ਫ਼ਰਵਰੀ (ਵਿਸ਼ੇਸ਼ ਪ੍ਰਤੀਨਿਧ) : ਇਰਾਨ ਵਿੱਚ ਲਗਾਤਾਰ ਵਿਗੜ ਰਹੇ ਹਾਲਾਤਾਂ ਅਤੇ ਵਧਦੇ ਤਣਾਅ ਦੇ ਮੱਦੇਨਜ਼ਰ, ਭਾਰਤੀ ਏਅਰਲਾਈਨ ਇੰਡੀਗੋ ਨੇ ਇੱਕ ਵੱਡੀ ਟਰੈਵਲ ਐਡਵਾਈਜ਼ਰੀ ਜਾਰੀ ਕੀਤੀ ਹੈ। ਕੰਪਨੀ ਨੇ ਸੁਰੱਖਿਆ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਤਬਿਲਿਸੀ, ਅਲਮਾਟੀ, ਬਾਕੂ ਅਤੇ ਤਾਸ਼ਕੰਦ ਜਾਣ ਵਾਲੀਆਂ ਆਪਣੀਆਂ ਸਾਰੀਆਂ ਉਡਾਣਾਂ ਨੂੰ 28 ਫਰਵਰੀ, 2026 ਤੱਕ ਰੱਦ ਕਰਨ ਦਾ ਫੈਸਲਾ ਕੀਤਾ ਹੈ।

ਇੰਡੀਗੋ ਨੇ ਸੋਸ਼ਲ ਮੀਡੀਆ ਰਾਹੀਂ ਜਾਣਕਾਰੀ ਦਿੱਤੀ ਕਿ ਯਾਤਰੀਆਂ ਅਤੇ ਕਰੂ ਮੈਂਬਰਾਂ ਦੀ ਸੁਰੱਖਿਆ ਉਨ੍ਹਾਂ ਦੀ ਪਹਿਲੀ ਤਰਜੀਹ ਹੈ, ਜਿਸ ਕਾਰਨ ਇਹ ਅਗਾਊਂ ਕਦਮ ਚੁੱਕੇ ਗਏ ਹਨ। ਪ੍ਰਭਾਵਿਤ ਯਾਤਰੀਆਂ ਨੂੰ ਪੂਰਾ ਰਿਫੰਡ ਲੈਣ ਜਾਂ ਵਿਕਲਪਿਕ ਯਾਤਰਾ ਪ੍ਰਬੰਧ ਚੁਣਨ ਦੀ ਸਹੂਲਤ ਦਿੱਤੀ ਗਈ ਹੈ।

ਇਹ ਫੈਸਲਾ ਅਜਿਹੇ ਸਮੇਂ ਆਇਆ ਹੈ ਜਦੋਂ ਅਮਰੀਕਾ ਅਤੇ ਇਰਾਨ ਵਿਚਾਲੇ ਟਕਰਾਅ ਤੇਜ਼ ਹੋ ਗਿਆ ਹੈ। ਖਬਰਾਂ ਅਨੁਸਾਰ, ਅਮਰੀਕੀ ਰਾਸ਼ਟਰਪਤੀ ਟਰੰਪ ਵੱਲੋਂ ਮੱਧ ਪੂਰਬ ਵਿੱਚ ਜੰਗੀ ਬੇੜੇ ਭੇਜਣ ਅਤੇ ਇਰਾਨ ਵੱਲੋਂ ਖੇਤਰੀ ਜੰਗ ਦੀ ਚੇਤਾਵਨੀ ਦਿੱਤੇ ਜਾਣ ਕਾਰਨ ਹਵਾਈ ਖੇਤਰ ਵਿੱਚ ਅਸੁਰੱਖਿਆ ਵਧ ਗਈ ਹੈ। ਇੰਡੀਗੋ ਨੇ ਸਪੱਸ਼ਟ ਕੀਤਾ ਹੈ ਕਿ ਉਹ ਸਥਿਤੀ 'ਤੇ ਲਗਾਤਾਰ ਨਜ਼ਰ ਰੱਖ ਰਹੀ ਹੈ ਅਤੇ ਲੋੜ ਪੈਣ 'ਤੇ ਸ਼ਡਿਊਲ ਵਿੱਚ ਹੋਰ ਬਦਲਾਅ ਕੀਤੇ ਜਾ ਸਕਦੇ ਹਨ।

# ਲਹਿਰਾਂ ਨਾਲ ਭਿੜਿਆ ਨੰਨ੍ਹਾ ਹੀਰੋ : ਸਮੁੰਦਰ 'ਚ 4 ਕਿਲੋਮੀਟਰ ਤੈਰ ਕੇ 13 ਸਾਲ ਦੇ ਬੱਚੇ ਨੇ ਬਚਾਈ ਮਾਂ ਤੇ ਭਰਾ-ਭੈਣ ਦੀ ਜਾਨ

ਮੈਲਬੌਰਨ, 3 ਫ਼ਰਵਰੀ (ਵਿਸ਼ੇਸ਼ ਪ੍ਰਤੀਨਿਧ) : ਆਸਟ੍ਰੇਲੀਆ ਦੇ ਦੱਖਣ-ਪੱਛਮੀ ਤੱਟ 'ਤੇ 13 ਸਾਲ ਦੇ ਇਕ ਬੱਚੇ ਨੇ ਉਹ ਕਰ ਕੇ ਦਿਖਾਇਆ ਜਿਸਨੂੰ ਵੱਡੇ-ਵੱਡੇ ਸਿਖਲਾਈ ਪ੍ਰਾਪਤ ਤੈਰਾਕ ਵੀ ਕਰਨ ਤੋਂ ਪਹਿਲਾਂ ਸੌ ਵਾਰੀ ਸੋਚਣ। ਸਮੁੰਦਰ 'ਚ ਕਰੀਬ ਚਾਰ ਕਿਲੋਮੀਟਰ ਤੱਕ ਤੈਰ ਕੇ ਉਸਨੇ ਨਾ ਸਿਰਫ਼ ਕਿਨਾਰੇ ਤੱਕ ਪਹੁੰਚ ਕੇ ਮਦਦ ਮੰਗੀ, ਬਲਕਿ ਆਪਣੀ ਮਾਂ ਤੇ ਦੋ ਛੋਟੇ ਭਰਾ-ਭੈਣਾਂ ਦੀ ਜਾਨ ਵੀ ਬਚਾ ਲਈ। ਇਹ ਕਹਾਣੀ ਹੈ ਉਸ ਬੱਚੇ ਦੀ, ਜਿਸਨੇ ਸੰਕਟ ਦੀ ਘੜੀ 'ਚ ਡਰ ਨਹੀਂ, ਜ਼ਿੰਮੇਵਾਰੀ ਚੁਣੀ। ਸ਼ੁੱਕਰਵਾਰ ਦੁਪਹਿਰ ਨੂੰ ਆਸਟਿਨ ਐਪਲਬੀ ਆਪਣੀ ਮਾਂ ਜੋਆਨ ਐਪਲਬੀ, 12 ਸਾਲਾ ਭਰਾ ਬਿਊ ਤੇ ਅੱਠ ਸਾਲ ਦੀ ਭੈਣ ਗ੍ਰੇਸ ਦੇ ਨਾਲ ਸਮੁੰਦਰ 'ਚ ਕਾਇਕਿੰਗ ਯਾਨੀ ਹਵਾ ਭਰੀ ਜਾਣ ਵਾਲੀ ਕਿਸ਼ਤੀ ਦੇ ਨਾਲ ਪੈਡਲ ਬੋਰਡਿੰਗ ਕਰ ਰਿਹਾ ਸੀ। ਮੌਸਮ ਸਾਫ਼ ਸੀ, ਸਮੁੰਦਰ ਸ਼ਾਂਤ ਤੇ ਮਾਹੌਲ ਛੁੱਟੀਆਂ ਵਰਗਾ। ਪਰ ਕੁਝ ਹੀ ਦੇਰ 'ਚ ਤੇਜ਼ ਸਮੁੰਦਰੀ ਹਵਾਵਾਂ ਚੱਲੀਆਂ ਤੇ ਪਰਿਵਾਰ ਦੇ ਇਨਫਲੇਟੇਬਲ ਬੋਰਡਸ ਖੁੱਲ੍ਹੇ ਸਮੁੰਦਰ ਵੱਲ ਰੁੜਨ ਲੱਗੇ। ਦੇਖਦੇ-ਦੇਖਦੇ ਉਹ ਤੱਟ ਤੋਂ ਕਈ ਕਿਲੋਮੀਟਰ ਦੂਰ ਲਹਿਰਾਂ



'ਚ ਫਸ ਗਏ। ਹਾਲਾਤ ਪਲ-ਪਲ ਵਿਗੜ ਰਹੇ ਸਨ। ਮਾਂ ਬੱਚਿਆਂ ਨੂੰ ਛੱਡ ਨਹੀਂ ਸਕਦੀ ਸੀ। ਅਜਿਹੇ 'ਚ ਉਨ੍ਹਾਂ ਨੇ ਜ਼ਿੰਦਗੀ ਦਾ ਸਭ ਤੋਂ ਮੁਸ਼ਕਲ ਫ਼ੈਸਲਾ ਕੀਤਾ। ਆਪਣੇ ਸਭ ਤੋਂ ਵੱਡੇ ਬੇਟੇ ਆਸਟਿਨ ਨੂੰ ਮਦਦ ਲਿਆਉਣ ਲਈ ਕਿਨਾਰੇ ਤੱਕ ਤੈਰ ਕੇ ਭੇਜਣ ਦਾ। ਆਸਟਿਨ ਪਹਿਲਾਂ ਫੁਲਾਏ ਜਾਣ ਵਾਲੇ ਕਾਇਕ 'ਤੇ ਨਿਕਲਿਆ, ਪਰ ਉਸ ਵਿਚ ਪਾਣੀ ਭਰਨ ਲੱਗਾ। ਉਸਨੇ ਕਾਇਕ ਛੱਡ ਦਿੱਤਾ। ਲਾਈਫ਼ ਜੈਕੇਟ ਤੈਰਨ 'ਚ ਰੁਕਾਵਟ ਬਣ ਰਹੀ ਸੀ, ਉਸਨੇ ਉਸਨੂੰ ਵੀ ਲਾਹ ਕੇ ਸੁੱਟ ਦਿੱਤਾ। ਬਿਨਾ ਕਿਸੇ ਸੁਰੱਖਿਆ ਉਪਕਰਨ ਦੇ, ਉਸਨੇ ਉਫਨਦੇ ਸਮੁੰਦਰ 'ਚ ਛਾਲ ਮਾਰ ਦਿੱਤੀ।

ਇਸ ਤੋਂ ਬਾਅਦ ਸ਼ੁਰੂ ਹੋਈ ਕਰੀਬ ਚਾਰ ਕਿਲੋਮੀਟਰ ਲੰਬੀ ਜਾਨਲੇਵਾ ਤੈਰਾਕੀ। ਬਿਨਾਂ ਲਾਈਫ ਜੈਕੇਟ, ਬਿਨਾਂ ਸਹਾਰੇ। ਠੰਢਾ ਪਾਣੀ ਸਰੀਰ ਨੂੰ ਸੁੰਨ ਕਰ ਰਿਹਾ ਸੀ, ਸਾਹ ਟੁੱਟ ਰਹੀ ਸੀ, ਬਾਂਹਾਂ ਜਵਾਬ ਦੇਣ ਲੱਗੀਆਂ ਸਨ। ਪਰ ਉਸਦੇ ਦਿਮਾਗ 'ਚ ਸਿਰਫ਼ ਇਕ ਹੀ ਗੱਲ ਚੱਲ ਰਹੀ ਸੀ ਕਿ ਮੈਨੂੰ ਸਾਰਿਆਂ ਨੂੰ ਬਚਾਉਣਾ ਹੈ। ਬਾਅਦ 'ਚ ਉਸਨੇ ਕਿਹਾ ਕਿ ਲਹਿਰਾਂ ਬਹੁਤ ਵੱਡੀਆਂ ਸਨ। ਮੈਂ ਬਹੁਤ ਥੱਕ ਚੁੱਕਾ ਸੀ, ਪਰ ਰੁਕ ਨਹੀਂ ਸਕਦਾ ਸੀ। ਜਦੋਂ ਆਖ਼ਰਕਾਰ ਪੈਰਾਂ ਦੇ ਹੇਠਾਂ ਰੇਤ ਮਹਿਸੂਸ ਹੋਈ, ਤਾਂ ਮੈਂ ਉੱਥੇ ਡਿੱਗ ਪਿਆ। ਸ਼ਾਮ ਕਰੀਬ ਛੇ ਵਜੇ ਉਹ ਕਿਸੇ ਤਰ੍ਹਾਂ ਕਿਨਾਰੇ ਤੱਕ ਪਹੁੰਚਿਆ ਤੇ ਮਦਦ ਦੀ ਮੰਗ ਕੀਤੀ। ਉੱਧਰ ਮਾਂ ਜੋਆਨ ਤੇ ਦੋਵੇਂ ਛੋਟੇ ਬੱਚੇ ਲਾਈਫ ਜੈਕੇਟ ਪਾ ਕੇ ਇਕ ਪੈਡਲ ਬੋਰਡ ਨਾਲ ਚਿਪਕੇ ਹੋਏ ਕਰੀਬ ਦਸ ਘੰਟੇ ਤੱਕ ਸਮੁੰਦਰ 'ਚ ਭਟਕਦੇ ਰਹੇ। ਸੂਰਜ ਢਲ ਚੁੱਕਾ ਸੀ, ਹਨੇਰਾ ਡੂੰਘਾ ਹੁੰਦਾ ਜਾ ਰਿਹਾ ਸੀ। ਠੰਢ ਨਾਲ ਸਰੀਰ ਕੰਬ ਰਿਹਾ ਸੀ। ਫਿਰ ਵੀ ਮਾਂ ਬੱਚਿਆਂ ਨੂੰ ਡਰ ਤੋਂ ਦੂਰ ਰੱਖਣ ਲਈ ਗਾਣੇ ਗਾਉਂਦੀ ਰਹੇ, ਗੱਲਾਂ ਕਰਦੀ ਰਹੀ।

# ਕੈਨੇਡਾ ਦੇ ਸਰੀ 'ਚ ਘਰ 'ਤੇ ਗੋਲੀਆਂ ਚਲਾਉਣ ਦੇ ਮਾਮਲੇ 'ਚ ਤਿੰਨ ਪੰਜਾਬੀ ਗ੍ਰਿਫ਼ਤਾਰ

## ਹਰਜੋਤ ਸਿੰਘ, ਤਰਨਵੀਰ ਸਿੰਘ, ਦਇਆਜੀਤ ਸਿੰਘ ਨੂੰ ਕੀਤਾ ਗ੍ਰਿਫ਼ਤਾਰ







ਸਰੀ, 3 ਫ਼ਰਵਰੀ (ਵਿਸ਼ੇਸ਼ ਪ੍ਰਤੀਨਿਧ) : ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਸਰੀ ਵਿੱਚ ਇੱਕ ਘਰ 'ਤੇ ਗੋਲੀਆਂ ਚਲਾਉਣ ਦੇ ਇਲਜ਼ਾਮ ਹੇਠ ਤਿੰਨ ਪੰਜਾਬੀ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਨ੍ਹਾਂ 'ਤੇ ਜਬਰਨ ਵਸੂਲੀ ਅਤੇ ਘਰ 'ਤੇ ਗੋਲੀਆਂ ਚਲਾਉਣ ਦੇ ਇਲਜ਼ਾਮ ਹਨ।

ਮੁਲਜ਼ਮਾਂ ਦੀ ਪਛਾਣ ਹਰਜੋਤ ਸਿੰਘ ਉਮਰ 21 ਸਾਲ, ਤਰਨਵੀਰ ਸਿੰਘ ਉਮਰ 19 ਸਾਲ ਅਤੇ ਦਯਾਜੀਤ ਸਿੰਘ ਬਿਲਿੰਗ ਉਮਰ 21 ਵਜੋਂ ਹੋਈ ਹੈ। ਤਿੰਨਾਂ ਮੁਲਜ਼ਮਾਂ ਨੂੰ 5 ਫਰਵਰੀ ਤੱਕ ਹਿਰਾਸਤ 'ਚ ਭੇਜ ਦਿੱਤਾ ਗਿਆ ਹੈ।

ਸਰੀ ਪੁਲਿਸ ਅਨੁਸਾਰ ਐਤਵਾਰ ਸਵੇਰੇ ਲਗਭਗ 4 ਵਜੇ ਪੁਲਿਸ ਨੂੰ ਕ੍ਰੈਸੈਂਟ ਬੀਚ ਇਲਾਕੇ ਵਿਚ ਕ੍ਰੈਸੈਂਟ ਰੋਡ ਅਤੇ 132 ਸਟ੍ਰੀਟ ਦੇ ਨੇੜੇ ਇੱਕ ਘਰ 'ਤੇ ਗੋਲੀਆਂ ਚੱਲਣ ਦੀ ਸੂਚਨਾ ਮਿਲੀ ਸੀ। ਪੁਲਿਸ ਨੇ ਦੱਸਿਆ ਕਿ ਫ਼ਾਇਰਫ਼ਾਈਟਰਜ਼ ਨੇ ਘਰ ਦੀ ਫੈਂਸ ਕੋਲ ਲੱਗੀ ਇੱਕ ਅੱਗ ਨੂੰ ਬੁਝਾਇਆ ਸੀ। ਗੋਲੀਆਂ ਘਰ ਦੇ ਅੰਦਰ ਤੱਕ ਲੱਗੀਆਂ ਸਨ ਪਰ ਕੋਈ ਜ਼ਖਮੀ ਨਹੀਂ ਹੋਇਆ ਸੀ। ਪੁਲਿਸ ਨੇ ਘਰ ਦੇ ਨੇੜੇ ਹੀ ਇੱਕ ਸ਼ੱਕੀ ਵਾਹਨ ਦੀ ਪਛਾਣ ਕੀਤੀ, ਪਰ ਉਸ ਵਿੱਚ ਸਵਾਰ ਸ਼ੱਕੀ ਪੈਦਲ ਫ਼ਰਾਰ ਹੋ ਗਏ। ਬਾਅਦ ਵਿੱਚ ਇਹ ਤਿੰਨੇ ਸ਼ੱਕੀ 28 ਐਵੇਨਿਊ ਅਤੇ 140 ਸਟ੍ਰੀਟ ਦੇ ਨੇੜੇ ਇੱਕ ਰਾਈਡਸ਼ੇਅਰ ਵਾਹਨ ਵਿਚ ਸਵਾਰ ਹੋਣ ਮਗਰੋਂ ਗ੍ਰਿਫ਼ਤਾਰ ਕਰ ਲਏ ਗਏ। ਪੁਲਿਸ ਨੇ ਦੱਸਿਆ ਕਿ ਤਿੰਨੇ ਸ਼ੱਕੀਆਂ ਨੂੰ ਰਾਈਡਸ਼ੇਅਰ ਵਾਹਨ ਅੰਦਰੋਂ ਹੀ ਗ੍ਰਿਫ਼ਤਾਰ ਕੀਤਾ ਗਿਆ। ਮੁਲਜ਼ਮਾਂ ਤੋਂ ਕੋਈ ਵੀ ਹਥਿਆਰ ਬਰਾਮਦ ਨਹੀਂ ਹੋਇਆ।

# ਲੋਕ ਸਭਾ 'ਚ ਸੱਤਾਧਾਰੀ ਪਾਰਟੀ ਅਤੇ ਵਿਰੋਧੀ ਧਿਰ ਵਿਚਾਲੇ ਟਕਰਾਅ ਵਧਿਆ

ਨਵੀਂ ਦਿੱਲੀ, 3 ਫ਼ਰਵਰੀ (ਵਿਸ਼ੇਸ਼ ਪ੍ਰਤੀਨਿਧ) : ਸਾਬਕਾ ਫੌਜ ਮੁਖੀ ਐਮ.ਐਮ. ਨਰਵਣੇ ਦੀ ਅਣਪ੍ਰਕਾਸ਼ਿਤ ਕਿਤਾਬ ਦੇ ਮੁੱਦੇ ਨੂੰ ਲੈ ਕੇ ਲੋਕ ਸਭਾ 'ਚ ਰੇੜਕੇ ਦੇ ਵਿਚਕਾਰ ਮੰਗਲਵਾਰ ਨੂੰ ਸੱਤਾਧਾਰੀ ਪਾਰਟੀ ਅਤੇ ਵਿਰੋਧੀ ਧਿਰ ਵਿਚਾਲੇ ਟਕਰਾਅ ਦਾ ਨਵਾਂ ਮੋਰਚਾ ਸ਼ੁਰੂ ਹੋ ਗਿਆ, ਜਦੋਂ ਪੋਡੀਅਮ ਦੇ ਨੇੜੇ ਕਾਗ਼ਜ਼ ਉਛਾਲਣ ਦੇ ਦੋਸ਼ 'ਚ ਵਿਰੋਧੀ ਧਿਰ ਦੇ ਅੱਠ ਸੰਸਦ ਮੈਂਬਰਾਂ ਨੂੰ ਮੌਜੂਦਾ ਬਜਟ ਸੈਸ਼ਨ ਦੇ ਬਾਕੀ ਬਚੇ ਸਮੇਂ ਲਈ ਮੁਅੱਤਲ ਕਰ ਦਿਤਾ ਗਿਆ।

ਕਾਂਗਰਸ ਦੇ ਸੱਤ ਮੈਂਬਰਾਂ ਅਤੇ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਇਕ ਸੰਸਦ ਮੈਂਬਰ ਨੂੰ ਸਦਨ ਤੋਂ ਮੁਅੱਤਲ ਕਰ ਦਿਤਾ ਗਿਆ ਹੈ। ਸਦਨ 'ਚ ਰੇੜਕੇ ਵਿਚਕਾਰ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਮੰਗਲਵਾਰ ਨੂੰ ਸਾਬਕਾ ਫ਼ੌਜ ਮੁਖੀ ਐਮ.ਐਮ. ਨਰਵਣੇ ਦੀਆਂ ਅਣਪ੍ਰਕਾਸ਼ਿਤ ਯਾਦਾਂ ਉਤੇ ਆਧਾਰਤ ਇਕ ਲੇਖ ਦਾ ਹਵਾਲਾ ਦੇ ਕੇ ਚੀਨ ਦਾ ਮੁੱਦਾ ਉਠਾਉਣ ਦੀ ਕੋਸ਼ਿਸ਼ ਕੀਤੀ, ਪਰ ਸਦਨ ਨੇ ਇਸ ਦੀ ਇਜਾਜ਼ਤ ਨਹੀਂ ਦਿਤੀ। ਹਾਲਾਂਕਿ, ਉਨ੍ਹਾਂ ਨੇ ਲੇਖ ਦੀ ਪੁਸ਼ਟੀ ਕੀਤੀ ਅਤੇ ਇਸ ਨੂੰ ਸਦਨ ਦੇ ਮੇਜ਼ ਉਤੇ ਰੱਖਿਆ।

ਹੰਗਾਮੇ ਕਾਰਨ ਤਿੰਨ ਵਾਰੀ ਮੁਲਤਵੀ ਕਰਨ ਤੋਂ ਬਾਅਦ ਸਦਨ ਦੀ ਕਾਰਵਾਈ ਬੁਧਵਾਰ ਸਵੇਰੇ 11 ਵਜੇ ਤਕ ਮੁਲਤਵੀ ਕਰ ਦਿਤੀ ਗਈ।

ਸਦਨ 'ਚ ਰਾਸ਼ਟਰਪਤੀ ਦੇ ਭਾਸ਼ਣ ਉਤੇ ਧੰਨਵਾਦ ਮਤੇ ਉਤੇ ਚੱਲ ਰਹੀ ਚਰਚਾ 'ਚ ਰਾਹੁਲ ਗਾਂਧੀ ਵਲੋਂ ਨਰਵਣੇ ਦੀ ਅਣਪ੍ਰਕਾਸ਼ਿਤ



ਯਾਦਾਂ ਦਾ ਹਵਾਲਾ ਦੇਣ ਦੀ ਕੋਸ਼ਿਸ਼ ਕਰਨ ਦੇ ਮੁੱਦੇ ਉਤੇ ਤਿੰਨ ਵਾਰ ਮੁਲਤਵੀ ਕਰਨ ਤੋਂ ਬਾਅਦ ਜਦੋਂ ਪੀਠਾਸੀਨ ਸਭਾਪਤੀ ਦਿਲੀਪ ਸੈਕੀਆ ਨੇ ਸਦਨ ਦੀ ਹੁਕਮਅਦੂਲੀ ਕਰਨ ਲਈ ਕਾਂਗਰਸੀ ਮੈਂਬਰਾਂ ਅਮਰਿੰਦਰ ਸਿੰਘ ਰਾਜਾ ਵੜਿੰਗ, ਗੁਰਦੀਪ ਸਿੰਘ ਔਜਲਾ, ਹਿਬੀ ਈਡਨ, ਡੀਨ ਕੁਰੀਆਕੋਸ, ਪ੍ਰਸ਼ਾਂਤ ਪਡੋਲੇ, ਕਿਰਨ ਕੁਮਾਰ ਰੈਡੀ ਅਤੇ ਮਣਿਕਮ ਟੈਗੋਰ ਅਤੇ ਸੀ.ਪੀ.ਆਈ. (ਐਮ) ਦੇ ਸੰਸਦ ਮੈਂਬਰ ਐਸ. ਵੈਂਕਟੇਸਨ ਦੇ ਨਾਂ ਲਏ।

ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰੇਨ ਰਿਜਿਜੂ ਨੇ ਅੱਠ ਮੈਂਬਰਾਂ ਦਾ ਨਾਮ ਲੈਂਦੇ ਹੋਏ ਸਦਨ ਵਿਚ ਇਕ ਮਤਾ ਪੇਸ਼ ਕੀਤਾ ਕਿ ਸਦਨ ਦਾ ਅਪਮਾਨ ਕਰਨ ਅਤੇ ਸਕੱਤਰ ਜਨਰਲ ਤੇ ਲੋਕ ਸਭਾ ਅਧਿਕਾਰੀਆਂ ਦੀ ਮੇਜ਼ ਉਤੇ ਕਾਗ਼ਜ਼ ਸੁੱਟ ਕੇ ਸਦਨ ਦੀ ਇੱਜ਼ਤ ਨੂੰ ਢਾਹ ਲਾਉਣ ਦੇ ਦੋਸ਼ ਵਿਚ ਨਿਯਮ 374 (2) ਦੇ ਤਹਿਤ ਸੰਸਦ ਦੇ ਮੌਜੂਦਾ ਸੈਸ਼ਨ ਦੇ ਬਾਕੀ ਬਚੇ ਸਮੇਂ ਲਈ ਸਾਰੇ ਮੈਂਬਰਾਂ ਨੂੰ ਮੁਅੱਤਲ ਕੀਤਾ ਜਾਵੇ। ਸਦਨ ਨੇ ਜ਼ੁਬਾਨੀ ਵੋਟ ਰਾਹੀਂ ਮਤੇ ਨੂੰ ਮਨਜ਼ੂਰੀ ਦੇ ਦਿਤੀ, ਜਿਸ ਤੋਂ ਬਾਅਦ ਸਦਨ ਨੂੰ ਦਿਨ ਲਈ ਮੁਲਤਵੀ ਕਰ ਦਿਤਾ ਗਿਆ।

ਇਸ ਤੋਂ ਪਹਿਲਾਂ ਰਾਹੁਲ ਗਾਂਧੀ ਵਲੋਂ ਚੀਨ ਦਾ ਮੁੱਦਾ ਉਠਾਉਣ ਦੀ ਕੋਸ਼ਿਸ਼, ਅਮਰੀਕਾ ਨਾਲ ਵਪਾਰ ਸਮਝੌਤੇ ਅਤੇ ਕੁੱਝ ਹੋਰ ਮੁੱਦਿਆਂ ਨੂੰ ਲੈ ਕੇ ਸਦਨ ਦੀ ਕਾਰਵਾਈ ਤਿੰਨ ਵਾਰ ਮੁਲਤਵੀ ਕਰਨੀ ਪਈ ਸੀ। ਇਸ ਦੌਰਾਨ ਸਮਾਜਵਾਦੀ ਪਾਰਟੀ ਦੇ ਮੈਂਬਰਾਂ ਨੇ ਵਾਰਾਣਸੀ ਦੇ ਮਣੀਕਰਣਿਕਾ ਘਾਟ ਉਤੇ ਮਹਾਰਾਣੀ ਅਹਿਲਿਆਬਾਈ ਹੋਲਕਰ ਦੇ ਬੁੱਤ ਦੀ ਕਥਿਤ ਭੰਨਤੋੜ ਦਾ ਮੁੱਦਾ ਉਠਾਇਆ ਅਤੇ 'ਅਹਿਲਿਆਬਾਈ ਦਾ ਅਪਮਾਨ, ਹਿੰਦੁਸਤਾਨ ਬਰਦਾਸ਼ਤ ਨਹੀਂ ਕਰੇਗਾ' ਦੇ ਨਾਅਰੇ ਲਗਾਏ।

ਮੁਅੱਤਲ ਵਿਰੋਧੀ ਧਿਰ ਦੇ ਮੈਂਬਰਾਂ ਨੇ ਸੰਸਦ ਕੰਪਲੈਕਸ ਵਿਚ ਸਰਕਾਰ ਵਿਰੁਧ ਨਾਅਰੇਬਾਜ਼ੀ ਕੀਤੀ। ਉਨ੍ਹਾਂ ਨਾਲ ਰਾਹੁਲ ਗਾਂਧੀ, ਕਾਂਗਰਸ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਅਤੇ ਕਈ ਹੋਰ ਵਿਰੋਧੀ ਧਿਰ ਦੇ ਸੰਸਦ ਮੈਂਬਰ ਵੀ ਮੌਜੂਦ ਸਨ।

# ਕੈਨੇਡਾ ਦੇ ਸਾਬਕਾ ਮੰਤਰੀ ਬਿਲ ਬਲੇਅਰ ਯੂ.ਕੇ. ਲਈ ਕੈਨੇਡਾ ਦੇ ਅਗਲੇ ਹਾਈ ਕਮਿਸ਼ਨਰ ਹੋਣਗੇ

ਟੋਰਾਂਟੋਸਰੀ, 3 ਫ਼ਰਵਰੀ (ਵਿਸ਼ੇਸ਼ ਪ੍ਰਤੀਨਿਧ) : ਸਾਬਕਾ ਲਿਬਰਲ ਕੈਬਿਨੇਟ ਮੰਤਰੀ ਬਲੇਅਰ ਨੂੰ ਯੂਕੇ ਲਈ ਕੈਨੇਡਾ ਦਾ ਅਗਲਾ ਹਾਈ ਕਮਿਸ਼ਨਰ ਨਿਯੁਕਤ ਕੀਤਾ ਹੈ ਅਤੇ ਉਹਨਾਂ ਵੱਲੋਂ ਸੰਸਦ ਮੈਂਬਰ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਗਿਆ ਹੈ। ਪ੍ਰਧਾਨ ਮੰਤਰੀ ਦਫ਼ਤਰ ਨੇ ਐਲਾਨ ਕੀਤਾ ਹੈ ਕਿ ਉਹ ਯੂਕੇ ਵਿੱਚ ਕੈਨੇਡਾ ਦੇ ਅਗਲੇ ਹਾਈ ਕਮਿਸ਼ਨਰ ਹੋਣਗੇ। ਬਿਲ ਬਲੇਅਰ ਪਹਿਲਾਂ ਟੋਰੌਂਟੋ ਪੁਲਿਸ ਦੇ ਚੀਫ਼ ਰਹਿ ਚੁੱਕੇ ਹਨ। ਉਹ 2015 ਵਿੱਚ ਪਹਿਲੀ ਵਾਰ ਐਮਪੀ ਚੁਣੇ ਗਏ ਸਨ।

ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟ੍ਰੂਡੋ ਦੀ ਸਰਕਾਰ ਦੌਰਾਨ ਉਨ੍ਹਾਂ ਨੇ ਕਈ ਅਹਿਮ ਕੈਬਨਿਟ ਅਹੁਦੇ ਸੰਭਾਲੇ, ਜਿਨ੍ਹਾਂ ਵਿੱਚ ਸਭ ਤੋਂ ਜ਼ਿਕਰਯੋਗ ਰੱਖਿਆ ਮੰਤਰੀ ਦਾ ਅਹੁਦਾ ਸੀ। ਜਦੋਂ ਮਾਰਕ ਕਾਰਨੀ ਨੇ ਪ੍ਰਧਾਨ ਮੰਤਰੀ ਵੱਜੋਂ ਸਹੁੰ ਚੁੱਕੀ ਸੀ ਤਾਂ ਬਿਲ ਬਲੇਅਰ ਕੁਝ ਸਮੇਂ ਲਈ ਰੱਖਿਆ ਮੰਤਰੀ ਹੀ ਬਣੇ ਰਹੇ, ਪਰ ਅਪ੍ਰੈਲ ਵਿੱਚ ਹੋਈਆਂ ਫ਼ੈਡਰਲ ਚੋਣਾਂ ਤੋਂ ਬਾਅਦ ਉਨ੍ਹਾਂ ਨੂੰ ਕੈਬਨਿਟ ਤੋਂ ਹਟਾ ਦਿੱਤਾ ਗਿਆ ਸੀ। ਬਲੇਅਰ ਨੇ ਕਿਹਾ X 'ਤੇ ਇੱਕ ਪੋਸਟ ਵਿਚ ਕਿਹਾ, "ਪਿਛਲੇ ਦਹਾਕੇ ਤੋਂ ਸੰਸਦ ਵਿਚ ਤੁਹਾਡੀ ਆਵਾਜ਼ ਬਣਨਾ, ਅਤੇ ਸਾਰੇ ਕੈਨੇਡੀਅਨਾਂ ਲਈ ਸੁਰੱਖਿਅਤ ਭਾਈਚਾਰਿਆਂ ਦੇ ਨਿਰਮਾਣ, ਸਾਡੀ ਪ੍ਰਭੂਸੱਤਾ ਦੀ ਰੱਖਿਆ ਅਤੇ ਇੱਕ ਬਿਹਤਰ ਭਵਿੱਖ ਨੂੰ ਆਕਾਰ ਦੇਣ ਲਈ ਕੰਮ ਕਰਨਾ ਇੱਕ ਸਨਮਾਨ ਦੀ ਗੱਲ ਰਹੀ ਹੈ। ਮੈਂ ਇਸ ਅਧਿਆਏ ਲਈ ਬਹੁਤ ਧੰਨਵਾਦੀ ਹਾਂ ਅਤੇ ਮੈਂ ਨਵੀਂ ਜ਼ਿੰਮੇਵਾਰੀ ਤਹਿਤ ਕੈਨੇਡਾ ਤੇ ਕੈਨੇਡੀਅਨਾਂ ਦੀ ਸੇਵਾ ਜਾਰੀ ਰੱਖਣ ਦੀ ਉਮੀਦ ਕਰਦਾ ਹਾਂ।" ਰਿਲੀਜ਼ ਵਿਚ ਕਿਹਾ ਗਿਆ ਹੈ ਕਿ ਬਿਲ ਬਲੇਅਰ ਕੋਲ ਕੈਨੇਡੀਅਨਜ਼ ਦੀ ਸੇਵਾ ਅਤੇ ਦੇਸ਼ ਦੀ ਸੁਰੱਖਿਆ ਲਈ ਕੰਮ ਦਾ ਲਗਭਗ ਚਾਲੀ ਸਾਲਾਂ ਦਾ ਤਜਰਬਾ ਹੈ।

ਨੇਟਹੈਲੀ ਡ੍ਰਈਨ, ਜੋ ਪਹਿਲਾਂ ਪ੍ਰਿਵੀ ਕੌਂਸਲ ਦੀ ਡਿਪਟੀ ਕਲਰਕ ਅਤੇ ਪ੍ਰਧਾਨ ਮੰਤਰੀ ਦੀ ਰੱਖਿਆ ਸਲਾਹਕਾਰ ਰਹੀ ਹਨ, ਉਸ ਨੂੰ ਫ਼੍ਰਾਂਸ ਲਈ ਕੈਨੇਡਾ ਦੀ ਅਗਲੀ ਰਾਜਦੂਤ ਨਿਯੁਕਤ ਕੀਤਾ ਗਿਆ ਹੈ। ਦੋਵੇਂ ਨਿਯੁਕਤੀਆਂ ਇਸ ਸਪਰਿੰਗ ਦੌਰਾਨ ਪ੍ਰਭਾਵੀ ਹੋਣਗੀਆਂ। ਦੱਸ ਦਈਏ ਕਿ ਜਿਥੇ ਕੈਨੇਡਾ ਹੌਲੀ ਹੌਲੀ ਅਮਰੀਕਾ ਤੋਂ ਦੂਰ ਹੁੰਦਾ ਜਾ ਰਿਹਾ ਹੈ ਉਥੇ ਹੀ ਯੂਕੇ ਅਤੇ ਫ਼੍ਰਾਂਸ ਨਾਲ ਵਪਾਰ, ਨਿਵੇਸ਼ ਅਤੇ ਰੱਖਿਆ ਦੇ ਖੇਤਰਾਂ ਵਿੱਚ ਨਵੀਂ ਸਾਂਝ ਪਾ ਰਿਹਾ ਹੈ।

ਕਲਾਸੀਫਾਈਡ

ਹਮਦਰਦ ਅਖ਼ਬਾਰ ਜਾਂ HAMDARD TV 'ਚ ਆਪਣਾ ਇਸ਼ਤਿਹਾਰ ਜਾਂ ਕਲਾਸੀਫਾਈਡ ਦੇ ਕੇ ਪੂਰੀ ਦੁਨੀਆ ਤੱਕ ਪਹੁੰਚ ਕਰੋ

905-791-9999

SPECIAL PACKAGE AVAILABLE

Classified

## ਲੜਕੀ ਦੀ ਲੋੜ

ਕੈਨੇਡੀਅਨ ਸ਼ਿਟੀਜਨ, ਜੱਟ ਸਿੱਖ ਧਾਲੀਵਾਲ, 2001 'ਚ ਜਨਮੇਂ, ਕੱਦ 6'-1", ਲਾਈਸੰਸਡ ਪ੍ਰੈਕਟੀਕਲ ਨਰਸ, ਹਸਪਤਾਲ ਵਿਚ ਵਧੀਆ ਜੌਬ ਕਰਦੇ ਹੈਂਡਸਮ, ਨਸ਼ਿਆ ਤੋਂ ਰਹਿਤ, ਕੈਨੇਡਾ 'ਚ ਆਪਣੇ ਘਰ ਦੇ ਮਾਲਕ ਲੜਕੇ ਲਈ ਕੈਨੇਡਾ/ਅਮਰੀਕਾ ਤੋਂ ਪੜ੍ਹੀ ਲਿਖੀ, ਸੋਹਣੀ, ਪਰਿਵਾਰਕ ਲੰਮੀਂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਰਿਸ਼ਤੇ ਦੀ ਗੱਲਬਾਤ ਅੱਗੇ ਤੋਰਨ ਲਲਈ 1-778-344-5925 ਜਾਂ 1-604-300-4608 ਤੇ ਫੋਨ ਕੀਤਾ ਜਾ ਸਕਦਾ ਹੈ।-1839

*****************

ਕੈਨੇਡੀਅਨ ਪੀ ਆਰ, ਜੱਟ ਸਿੱਖ ਬੋਰਨ 1990, ਕੱਦ 6 ਫੁੱਟ, ਵਧੀਆ ਜੌਬ ਕਰ ਰਹੇ, ਨਸ਼ਿਆ ਤੋਂ ਰਹਿਤ, ਤਲਾਕਸ਼ੁਦਾ (ਕੋਈ ਬੱਚਾ ਨਹੀਂ) ਚੰਗੀ ਪਰਸਨੈਲਟੀ ਦੇ ਮਾਲਕ, ਭੈਣ ਇੰਗਲੈਂਡ 'ਚ ਵੈਲ ਸੈਟਲਡ, ਲੜਕੇ ਲਈ ਕੈਨੇਡੀਅਨ ਪੀ ਆਰ, ਪੜ੍ਹੀ ਲਿਖੀ, ਕੱਦ ਘੱਟੋ ਘੱਟ 5'-5" ਲੰਮੇਂ ਕੱਦ ਵਾਲੀ ਜੱਟ ਸਿੱਖ, ਪਰਿਵਾਰਕ ਲੜਕੀ ਦੀ ਲੋੜ ਹੈ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ।ਰਿਸ਼ਤੇ ਦੀ ਗੱਲ ਅੱਗੇ ਵਧਾਉਣ ਲਈ 1-604-786-1622 ਜਾਂ 1-604-722-5217 ਤੇ ਫੋਨ ਕੀਤਾ ਜਾ ਸਕਦਾ ਹੈ।-1839

*****************

ਅਮਰੀਕਾ ਦੇ ਬੌਰਨ, ਬ੍ਰਾਹਮਣ, 1993 ਬੌਰਨ, ਕੱਦ 6'-2", ਗਰੈਜੂਏਟ, ਪਾਇਲਟ ਦੀ ਅਮਰੀਕਾ 'ਚ ਟਰੇਨਿੰਗ ਕਰਕੇ ਜੌਬ ਕਰ ਰਹੇ, ਸੋਹਣੇ-ਸੁਨੱਖੇ, ਨਸ਼ਿਆ ਤੋਂ ਰਹਿਤ, ਕੈਨੇਡਾ 'ਚ 45 ਸਾਲ ਤੋਂ ਰਹਿ ਰਹੇ ਵੈਲ ਸੈਟਲਡ ਪਰਿਵਾਰ ਦੇ ਲੜਕੇ ਲਈ ਸੋਹਣੀ-ਸੁਨੱਖੀ, ਹਿੰਦੂ-ਸਿੱਖ ਪਰਿਵਾਰ ਦੀ ਘੱਟੋ ਘੱਟ 5'-5" ਲੰਮੀਂ, ਖੂਬਸੂਰਤ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਫਲੋਰੀਡਾ 'ਚ ਰਹਿਣ ਵਾਲੀ ਜਾਂ ਮੂਵ ਹੋਣ ਦੀ ਚਾਹਵਾਨ ਲੜਕੀ ਨੂੰ ਪਹਿਲ।ਲੜਕੀ ਪਰਿਵਾਰ ਨਾਲ ਰਹਿਣ ਵਾਲੀ ਹੋਵੇ।ਲੜਕਾ ਹਿੰਦੀ ਪੰਜਾਬੀ ਤੋਂ ਇਲਾਵਾ ਦੋਵੇਂ ਸੱਭਿਆਚਾਰਾਂ ਤੋਂ ਚੰਗੀ ਤਰ੍ਹਾਂ ਵਾਕਿਫ ਹੈ।ਰਿਸ਼ਤੇ ਸਬੰਧੀ ਹੋਰ ਵਧੇਰੇ ਪੁੱਛਗਿੱਛ ਲਈ ਅਮਰੀਕਾ 'ਚ 1-386-444-9344 ਜਾਂ ਫਿਰ ਇੰਡੀਆ 'ਚ +91-98722-78898 ਤੇ ਫੋਨ ਕੀਤਾ ਜਾ ਸਕਦਾ ਹੈ।-1839

*****************

ਕੈਨੇਡਾ 'ਚ ਵੈਲ ਸੈਟਲਡ, ਜੱਟ ਸਿੱਖ ਸੰਧੂ ਪਰਿਵਾਰ ਦਾ ਜੰਮਪਲ ਬੇਟਾ, ਉਮਰ 32 ਸਾਲ, ਕੱਦ 5'-9", ਪੜ੍ਹੇ ਲਿਖੇ ਏਅਰਪੋਰਟ ਤੇ ਮਕੈਨੀਕਲ ਦੀ ਵਧੀਆ ਜੌਬ ਕਰਦੇ ਤੇ ਨਾਲ-ਨਾਲ ਆਪਣਾ ਰੀਅਲ ਅਸਟੇਟ ਦਾ ਵਧੀਆ ਕੰਮ ਕਰ ਰਹੇ ਹੈਂਡਸਮ, ਨਸ਼ਿਆ ਤੋਂ ਰਹਿਤ ਲੜਕੇ ਲਈ ਕੈਨੇਡਾ ਤੋਂ ਜੰਮਪਲ/ਸ਼ਿਟੀਜਨ/ਪੀ ਆਰ, ਪੜ੍ਹੀ ਲਿਖੀ, ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਪੰਜਾਬ ਦੇ ਦੁਆਬਾ ਇਲਾਕੇ ਨਾਲ ਸਬੰਧਿਤ ਤੇ ਬਰੈਂਪਟਨ ਏਰੀਏ 'ਚ ਰਹਿੰਦੇ ਪਰਿਵਾਰ ਨੂੰ ਪਹਿਲ ਦਿੱਤੀ ਜਾਵੇਗੀ। ਮੈਰਿਜ ਬਿਊਰੋ ਵਾਲੇ ਬਿਲਕੁਲ ਫੋਨ ਨਾ ਕਰਨ। ਹੋਰ ਜਾਣਕਾਰੀ ਲਈ 647-993-9181 ਤੇ ਫੋਨ ਕੀਤਾ ਜਾ ਸਕਦਾ ਹੈ।-1839

*****************

Gursikh family in USA seeks Amritdhari (Keskidhari/ ready to tie Keski), educated, vegetarian, family-oriented girl for their Amritdhari son, 1987 born, 5'-11" tall, MS Degree holder from USA, working as Software Product Leader, Green Card petition approved in 2016. Homeowner in San Francisco, Bay Area, California since 2021, innocently divorced, issueless, family oriented. Preference to girls living in USA & CANADA. Marriage Bureau stay away. Please contact us at +1-510-558-5650 or +91-98993-79442 (whatsapp) or email at cjsingh55 gmail.com -1839

*****************

ਅਮਰੀਕਨ ਗਰੀਨ ਕਾਰਡ ਹੋਲਡਰ, ਜੱਟ ਸਿੱਖ ਇਕਲੌਤੇ 31 ਸਾਲਾ, 6 ਫੁੱਟ ਲੰਮੇਂ ਕੱਦ ਵਾਲੇ ਟਰੱਕਿੰਗ ਇੰਡਸਟ੍ਰਲੀ ਵਿਚ ਵਧੀਆ ਜੌਬ ਕਰਦੇ ਤੇ ਇੰਡੀਆ ਵਿਚ ਪ੍ਰਾਪਰਟੀ ਦੇ ਮਾਲਕ ਲੜਕੇ ਲਈ ਅਮਰੀਕਾ ਜਾਂ ਕੈਨੇਡਾ ਤੋਂ ਪੜ੍ਹੀ ਲਿਖੀ ਸੋਹਣੀ, ਘੱਟੋ ਘੱਟ 5'-5" ਲੰਮੀਂ ਪਰਿਵਾਰਕ, ਪੰਜਾਬ ਦੀ ਬੌਰਨ ਲੜਕੀ ਦੀ ਲੋੜ ਹੈ। ਲੜਕਾ ਆਪਣੇ ਵੈਲ ਸੈਟਲਡ ਪਰਿਵਾਰ ਨਾਲ ਕੈਲੇਫੋਰਨੀਆ ਵਿਚ ਰਹਿ ਰਿਹਾ ਹੈ।ਦੁਆਬੇ ਦੇ ਇਲਾਕੇ ਦੇ ਸਬੰਧਿਤ ਪਰਿਵਾਰ ਨੂੰ ਪਹਿਲ ਦਿੱਤੀ ਜਾਵੇਗੀ। ਮੈਰਿਜ ਬਿਊਰੋ ਵਾਲੇ ਗਲਤੀ ਨਾਲ ਵੀ ਫੋਨ ਨਾ ਕਰਨ।ਲੜਕੇ ਸਬੰਧੀ ਹੋਰ ਵਧੇਰੇ ਜਾਣਕਾਰੀ ਲੈਣ ਤੇ ਦੇਣ ਲਈ 1-979-551-6251 ਜਾਂ ਫਿਰ 1-559-803-8333 ਤੇ ਫੋਨ ਕੀਤਾ ਜਾ ਸਕਦਾ ਹੈ।-1839

*****************

ਕੈਨੇਡਾ ਵਿਚ ਵਿਜ਼ਟਰ ਵੀਜ਼ੇ ਤੇ ਆਏ, ਜੱਟ ਗੁਰਸਿੱਖ ਬੁਟਰ, 1997 ਬੋਰਨ, ਕੱਦ 6 ਫੁੱਟ, ਆਈ ਟੀ ਆਈ ਇਲੈਕ੍ਰਟੀਸ਼ਨ, ਕੰਨਟਰੱਸ਼ਕਨ ਦੀ ਵਧੀਆ ਜੌਬ ਕਰਦੇ, ਹੈਂਡਸਮ, ਨਸ਼ਿਆ ਤੋਂ ਰਹਿਤ, ਇੰਡੀਆ ਵਿਚ ਕਾਫੀ ਪ੍ਰਾਪਰਟੀ ਦੇ ਮਾਲਕ ਲੜਕੇ ਲਈ ਕੈਨੇਡਾ ਤੋਂ ਕੈਨੇਡਾ ਤੋਂ ਸ਼ਿਟੀਜਨ ਜਾਂ ਪੀ ਆਰ, ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਲਗਰੀ 'ਚ ਵੈਲ ਸੈਟਲਡ ਹੈ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ। ਰਿਸ਼ਤੇ ਸਬੰਧੀ ਹੋਰ ਵਧੇਰੇ ਜਾਣਕਾਰੀ ਲਈ ਕੈਨੇਡਾ 'ਚ 1-403-837-8778 ਜਾਂ ਫਿਰ ਇੰਡੀਆ +91-78891-63893 ਜਾਂ +91-97802-10706 ਤੇ ਫੋਨ ਕੀਤਾ ਜਾ ਸਕਦਾ ਹੈ।-1838

*****************

ਕੈਨੇਡੀਅਨ ਪੀ ਆਰ, ਜੱਟ ਸਿੱਖ, ਉਮਰ 30 ਸਾਲ, ਕੱਦ 6 ਫੁੱਟ, ਇੰਡੀਆ ਤੋਂ ਬੀ ਕਾਮ ਕਰਕੇ ਅਕਾਊਂਟਿੰਗ 'ਚ ਡਿਪਲੋਮਾ ਕੈਨੇਡਾ ਤੋਂ ਕਰਨ ਉਪਰੰਤ ਟਰਾਂਸਪੋਰਟ ਕੰਪਨੀ 'ਚ ਜੌਬ ਕਰ ਰਹੇ, ਸੋਹਣੇ, ਸੁਨੱਖੇ, ਨਸ਼ਿਆ ਤੋਂ ਰਹਿਤ, ਸਾਰਾ ਪਰਿਵਾਰ ਕੈਨੇਡਾ 'ਚ ਵੈਲ ਸੈਟਲਡ, ਆਪਣੇ ਘਰ ਦੇ ਮਾਲਕ ਲੜਕੇ ਲਈ ਕੈਨੇਡਾ 'ਚ ਰਹਿ ਰਹੀ ਜੱਟ ਸਿੱਖ, ਪੜ੍ਹੀ ਲਿਖੀ, ਚੰਗੀ ਜੌਬ ਕਰਦੀ ਪਰਿਵਾਰਕ ਲੜਕੀ ਦੀ ਲੋੜ ਹੈ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਰਿਸ਼ਤੇ ਦੀ ਗੱਲਬਾਤ ਅੱਗੇ ਵਧਾਉਣ ਲਈ 1-778-344-3802 ਤੇ ਫੋਨ ਕਰ ਸਕਦੇ ਹਨ। -1838

*****************

ਆਸਟ੍ਰੇਲੀਆ ਵਿਚ ਪੀ ਆਰ ਅਪਲਾਇਡ ਸਟੇਟਸ ਤੇ ਰਹਿੰਦੇ, ਪੰਜਾਬੀ ਸਿੱਖ,1997 ਬੌਰਨ, ਕੱਦ 5'-10", ਆਟੋਮੋਟਿਵ ਡਿਪਲੋਮਾ ਤੇ ਬਿਜਨੈਸ ਮੈਨੇਜਮੈਂਟ ਡਿਪਲੋਮਾ ਹੋਲਡਰ, ਇਸ ਸਮੇਂ ਵਰਕ ਸ਼ਾਪ ਵਿਚ ਵਧੀਆ ਜੌਬ ਕਰਦੇ ਹੈਂਡਸਮ, ਨਸ਼ਿਆ ਤੋਂ ਰਹਿਤ ਦਸਤਾਰਧਾਰੀ ਲੜਕੇ ਲਈ ਅਮਰੀਕਾ/ਆਸਟ੍ਰੇਲੀਆ ਤੋਂ ਸ਼ਿਟੀਜਨ/ਪੀ ਆਰ, ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਅਮਰੀਕਾ ਤੇ ਇਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹਨ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਬਿਲਕੁਲ ਵੀ ਫੋਨ ਨਾ ਕਰਨ।ਪਰਿਵਾਰ ਤੋਂ ਹੋਰ ਵਧੇਰੇ ਜਾਣਕਾਰੀ ਹਾਸਿਲ ਕਰਨ ਲਈ 1-908-906-3930 ਜਾਂ 1-908-416-5948 ਤੇ ਫੋਨ ਕੀਤਾ ਜਾ ਸਕਦਾ ਹੈ।-1838

*****************

ਅਮਰੀਕਨ ਸ਼ਿਟੀਜਨ, ਜੱਟ ਸਿੱਖ, ਉਮਰ 43 ਸਾਲ, ਕੱਦ 5'-8", ਡਿਪਲੋਮਾ ਇਨ ਆਟੋਮੋਬਾਇਲ ਇੰਜਨੀਅਰਿੰਗ, ਸੈਲਫ ਇਪਲਾਇਡ, ਹੈਂਡਸਮ, ਨਸ਼ਿਆਂ ਤੋਂ ਰਹਿਤ, ਵਿਆਹ ਤੋਂ ਕੁਝ ਸਮਾਂ ਬਾਅਦ ਬੇਕਸੂਰ ਤਲਾਕਸ਼ੁਦਾ, ਕੋਈ ਬੱਚਾ ਨਹੀਂ, ਇੰਡੀਆ ਵਿਚ 10 ਏਕੜ ਜ਼ਮੀਨ ਦੇ ਮਾਲਕ ਲੜਕੇ ਲਈ ਅਮਰੀਕਾ-ਕੈਨੇਡਾ ਤੋਂ ਪੜ੍ਹੀ ਲਿਖੀ, ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ। ਬਿਨਾਂ ਬੱਚੇ ਤੋਂ ਤਲਾਕਸ਼ੁਦਾ ਲੜਕੀ ਤੇ ਵੀ ਵਿਚਾਰ ਕੀਤੀ ਜਾਵੇਗੀ। ਲੜਕੇ ਦਾ ਭਰਾ ਅਮਰੀਕਾ ਵਿਚ ਤੇ ਭੈਣ ਆਸਟ੍ਰੇਲਿਆ 'ਚ ਵੈਲ ਸੈਟਲਡ ਹਨ। ਮੈਰਿਜ ਬਿਊਰੋ ਵਾਲੇ ਭੁੱਲ ਕੇ ਵੀ ਫੋਨ ਨਾ ਕਰਨ। ਰਿਸ਼ਤੇ ਸਬੰਧੀ ਹੋਰ ਪੁੱਛਗਿੱਛ ਲਈ ਅਮਰੀਕਾ 'ਚ 1-703-459-6315 ਜਾਂ ਫਿਰ ਇੰਡੀਆ 'ਚ +91-62846-71808 ਤੇ ਫੋਨ ਕੀਤਾ ਜਾ ਸਕਦਾ ਹੈ।-1837

*****************

ਕੈਨੇਡੀਅਨ ਜੰਮਪਲ, ਜੱਟ ਸਿੱਖ ਚੀਮਾ, ਉਮਰ 33 ਸਾਲ, ਕੱਦ 5'-11, ਕੈਨੇਡਾ ਦੇ ਮਾਂਟਰੀਅਲ ਸ਼ਹਿਰ 'ਚ ਆਪਣੇ ਵੈਲ ਸੈਟਲਡ ਪਰਿਵਾਰ ਨਾਲ ਰਹਿੰਦੇ ਬੈਚੂਲਰਜ਼ ਇਨ ਮੈਥੇਮੈਟਿਕਸ ਅਤੇ ਸਟੈਟਿਕਸ, ਇਸ ਸਮੇਂ ਡਾਟਾ ਅਨੈਲਿਸਟ ਦੀ ਵਧੀਆ ਜੌਬ ਕਰਦੇ ਹੈਂਡਸਮ, ਨਸ਼ਿਆ ਤੋਂ ਰਹਿਤ, ਨੈਵਰ ਮੈਰਿਡ ਲੜਕੇ ਲਈ ਕੈਨੇਡਾ ਤੋਂ ਜੱਟ ਸਿੱਖ, ਸੋਹਣੀ-ਸੁਨੱਖੀ, ਪੜ੍ਹੀ ਲਿਖੀ, ਘੱਟੋ ਘੱਟ 5'-4" ਲੰਮੀਂ ਤੇ 31 ਸਾਲ ਉਮਰ ਤੋਂ ਘੱਟ ਵਾਲੀ, ਪਰਿਵਾਰਕ, ਨੈਵਰ ਮੈਰਿਡ ਲੜਕੀ ਦੀ ਲੋੜ ਹੈ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ। ਰਿਸ਼ਤੇ ਸਬੰਧੀ ਗੱਲਬਾਤ ਅੱਗੇ ਵਧਾਉਣ ਲਈ ਵਟਸਅਪ: 1-438-365-7413 ਜਾਂ ਫਿਰ 1-514-916-5513 ਤੇ ਫੋਨ ਕੀਤਾ ਜਾ ਸਕਦਾ ਹੈ।-1837

*****************

ਕੈਨੇਡਾ ਵਿੱਚ 40+ ਸਾਲਾਂ ਤੋਂ ਵੈਲ ਸੈਟਲਡ ਜੱਟ ਸਿੱਖ ਪਰਵਾਰ ਨੂੰ ਆਪਣੇ ਕੈਨੇਡੀਅਨ ਜੰਮਪਲ ਬੇਟੇ, 1994 ਬੌਰਨ, ਕੱਦ 5'-11", ਵਧੀਆ ਕੰਪਨੀ ਵਿੱਚ ਕੰਪਿਊਟਰ ਇੰਜੀਨੀਅਰ ਦੀ ਵਧੀਆ ਜੌਬ ਕਰਦੇ ਹੈਂਡਸਮ, ਨਸ਼ਿਆ ਤੋਂ ਰਹਿਤ ਲੜਕੇ ਲਈ ਕੈਨੇਡਾ/ਅਮਰੀਕਾ/ਆਸਟ੍ਰੇਲੀਆ ਜਾਂ ਯੂਕੇ ਤੋਂ ਜੰਮਪਲ ਜਾਂ ਛੋਟੀ ਹੁੰਦੀ ਆਈ, ਸੋਹਣੀ-ਸੁਨੱਖੀ, ਬਰਾਬਰ ਦੀ ਯੋਗਤਾ ਵਾਲੀ, ਪਰਿਵਾਰਕ ਲੜਕੀ ਦੀ ਲੋੜ ਹੈ। ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਤੇ ਆਇਆਂ ਲੜਕੀਆਂ ਦੇ ਪਰਵਾਰ ਕਿਰਪਾ ਕਰਕੇ ਮੁਆਫ ਕਰਨ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 1-236-979-0730 -1837

*****************

ਕੈਨੇਡਾ 'ਚ ਵਰਕ ਪਰਮਿਟ ਤੇ ਕੰਮ ਕਰ ਰਹੇ, ਐਡਮਿੰਟਨ 'ਚ ਰਹਿੰਦੇ ਜੱਟ ਸਿੱਖ, 1994 ਬੌਰਨ, ਕੱਦ 5'-10", ਪੜ੍ਹੇ ਲਿਖੇ, ਟਰੱਕਿੰਗ ਅਤੇ ਕੰਸਟਰੱਕਸ਼ਨ ਦੀ ਵਧੀਆ ਜੌਬ ਕਰਦੇ, ਹੈਂਡਸਮ, ਨਸ਼ਿਆ ਤੋਂ ਰਹਿਤ, ਦਸਤਾਰਧਾਰੀ, ਦਾੜ੍ਹੀ ਟਰਿੰਮ ਕਰਦੇ ਆਪਣੇ ਘਰ ਦੇ ਮਾਲਕ ਲੜਕੇ ਲਈ ਕੈਨੇਡੀਅਨ ਸ਼ਿਟੀਜਨ/ਪੀ ਆਰ, ਸੋਹਣੀ, ਪਰਿਵਾਰਕ, ਵੈਸ਼ਨੂੰ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ। ਰਿਸ਼ਤੇ ਸਬੰਧੀ ਹੋਰ ਵਧੇਰੇ ਪੁੱਛਗਿੱਛ ਲਈ 1-672-336-9339 ਜਾਂ 1-604-618-5281 ਤੇ ਫੋਨ ਕੀਤਾ ਜਾ ਸਕਦਾ ਹੈ। -1836

*****************

ਕੈਨੇਡੀਅਨ ਸ਼ਿਟੀਜਨ, ਜੱਟ ਸਿੱਖ ਧਾਲੀਵਾਲ, ਉਮਰ 34 ਸਾਲ, ਕੱਦ 6 ਫੁੱਟ, ਪੜ੍ਹੇ ਲਿਖੇ, ਟਰੱਕ ਮਕੈਨਿਕ ਦੀ ਵਧੀਆ ਜੌਬ ਕਰਦੇ, ਨਸ਼ਿਆ ਤੋਂ ਰਹਿਤ, ਤਲਾਕਸ਼ੁਦਾ, ਇੰਡੀਆ ਵਿਚ ਕਾਫੀ ਪ੍ਰਾਪਰਟੀ ਅਤੇ ਕੈਨੇਡਾ ਵਿਚ ਆਪਣੇ ਘਰ ਦੇ ਮਾਲਕ ਲੜਕੇ ਲਈ ਕੈਨੇਡਾ/ਅਮਰੀਕਾ ਤੋਂ ਪਰਿਵਾਰਕ ਲੜਕੀ ਦੀ ਲੋੜ ਹੈ। ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਤੇ ਆਈ ਤੇ ਬਿਨਾਂ ਬੱਚੇ ਤੋਂ ਤਲਾਕਸ਼ੁਦਾ ਜਾਂ ਵਿਧਵਾ ਲੜਕੀ ਤੇ ਵੀ ਵਿਚਾਰ ਕੀਤੀ ਜਾਵੇਗੀ। ਗਰੇਟਰ ਟਰਾਂਟੋ ਇਲਾਕੇ 'ਚ ਰਹਿੰਦੀ ਜਾਂ ਮੂਵ ਹੋਣ ਦੀ ਚਾਹਵਾਨ ਲੜਕੀ ਨੂੰ ਪਹਿਲ। ਮੈਰਿਜ ਬਿਊਰੋ ਵਾਲੇ ਭੁੱਲ ਕੇ ਵੀ ਫੋਨ ਨਾ ਕਰਨ। ਹੋਰ ਵਧੇਰੇ ਜਾਣਕਾਰੀ ਲਈ ਸਿਰਫ ਵਟਸ ਅਪ ਤੇ ਇੰਡੀਆ 'ਚ +91-82640-44107 ਜਾਂ ਫਿਰ ਕੈਨੇਡਾ 'ਚ 437-249-7959 ਤੇ ਫੋਨ ਕੀਤਾ ਜਾ ਸਕਦਾ ਹੈ। -1836

*****************

ਕੈਨੇਡੀਅਨ ਸ਼ਿਟੀਜਨ, ਕਸ਼ਯਪ ਰਾਜਪੂਤ ਮਹਿਰਾ, ਉਮਰ 40 ਸਾਲ, ਕੱਦ 5'-11", ਪੜ੍ਹੇ ਲਿਖੇ, ਟਰੱਕਿੰਗ ਦੀ ਵਧੀਆ ਜੌਬ ਕਰਦੇ, ਨਸ਼ਿਆ ਤੋਂ ਰਹਿਤ, ਤਲਾਕਸ਼ੁਦਾ, ਇਕ ਅੱਠ ਸਾਲ ਦੀ ਬੇਟੀ ਹੈ, ਇੰਡੀਆ ਵਿਚ ਕਾਫੀ ਪ੍ਰਾਪਰਟੀ ਅਤੇ ਕੈਨੇਡਾ ਵਿਚ ਆਪਣੇ ਘਰ ਦੇ ਮਾਲਕ ਵਰ ਲਈ ਕੈਨੇਡਾ ਤੋਂ ਸ਼ਿਟੀਜਨ ਜਾਂ ਪੀ ਆਰ, ਲੰਬੀ, ਪਰਿਵਾਰਕ ਲੜਕੀ ਦੀ ਲੋੜ ਹੈ। ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਤੇ ਆਈ ਅਤੇ ਬਿਨਾਂ ਬੱਚੇ ਤੋਂ ਤਲਾਕਸ਼ੁਦਾ ਤੇ ਵੀ ਵਿਚਾਰ ਕੀਤੀ ਜਾਵੇਗੀ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਇਸ ਸਬੰਧੀ ਹੋਰ ਵਧੇਰੇ ਜਾਣਕਾਰੀ ਲਈ 647-205-3238 ਜਾਂ 647-970-6317 ਤੇ ਸੰਪਰਕ ਕੀਤਾ ਜਾ ਸਕਦਾ ਹੈ। -1836

*****************

ਕੈਨੇਡਾ 'ਚ ਵਿਜ਼ਟਰ ਵੀਜ਼ੇ ਤੇ ਆਏ, ਇਟਲੀ ਦੇ ਪੀ ਆਰ, ਜੱਟ ਸਿੱਖ ਸਰਾਂ, 2000 ਦੇ ਬੌਰਨ, ਕੱਦ 5'-8", ਪੜ੍ਹੇ ਲਿਖੇ, ਮਲਟੀਨੈਸ਼ਨਲ ਕੰਪਨੀ'ਚ ਫੂਡ ਕਵਾਲਿਟੀ ਸੁਪਰਵਾਈਜ਼ਰਦੀ ਵਧੀਆ ਜੌਬ ਕਰਦੇ, ਹੈਂਡਸਮ, ਨਸ਼ਿਆ ਤੋਂ ਰਹਿਤ, ਇਟਲੀ'ਚ ਆਪਣਾ ਘਰ, ਇੰਡੀਆ'ਚ ਕਾਫੀ ਪ੍ਰਾਪਰਟੀ ਦੇ ਮਾਲਕ ਲੜਕੇ ਲਈ ਕੈਨੇਡਾ ਤੋਂ ਸ਼ਿਟੀਜਨ/ਪੀ ਆਰ, ਪੜ੍ਹੀ ਲਿਖੀ, ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਦੀ ਇੱਕ ਭੈਣ ਤੇ ਨਾਨਕਾ ਪਰਿਵਾਰ ਕੈਨੇਡਾ ਵਿਚ ਅਤੇ ਮਾਤਾ ਪਿਤਾ ਤੇ ਇੱਕ ਭੈਣ ਇਟਲੀ'ਚ ਵੈਲ ਸੈਟਲਡ ਹਨ ਅਤੇ ਸੁਪਰਵੀਜ਼ਾ ਹੋਲਡਰ ਹਨ। ਮੈਰਿਜ ਬਿਊਰੋ ਵਾਲੇ ਫੋਨ ਕਰਕੇ ਤੰਗ ਨਾ ਕਰਨ। ਲੜਕੇ ਸਬੰਧੀ ਹੋਰ ਵਧੇਰੇ ਜਾਣਕਾਰੀ ਹਾਸਿਲ ਕਰਨ ਲਈ ਸੰਪਰਕ ਕਰੋ: 1-519-817-1060 ਜਾਂ ਇਟਲੀ'ਚ: +39-329-184-1300 -1836

*****************

ਕੈਨੇਡੀਅਨ ਪੀ ਆਰ, ਜੱਟ ਗੁਰਸਿੱਖ, 1999 ਬੌਰਨ, ਕੱਦ 5'-11", ਹੈਂਡਸਮ, ਇਲੈਕਟ੍ਰੋ ਮਕੈਨਿਕਲ ਡਿਪਲੋਮਾ ਹੋਲਡਰ, ਵਧੀਆ ਜੌਬ ਕਰਦੇ, ਕੈਨੇਡਾ'ਚ ਆਪਣਾ ਘਰ ਤੇ ਇੰਡੀਆ'ਚ 11 ਕਿਲੇ ਜ਼ਮੀਨ ਦੇ ਮਾਲਕ, ਇਕਲੌਤੇ ਲੜਕੇ ਲਈ ਕੈਨੇਡਾ/ਅਮਰੀਕਾ ਤੋਂ ਪੜ੍ਹੀ ਲਿਖੀ, ਸੋਹਣੀ ਪਰਿਵਾਰਕ, ਵੈਸ਼ਨੂੰ ਜਾਂ ਗੁਰਸਿੱਖ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਮੋਗੇ ਨਾਲ ਸੰਬਧਿਤ ਹੈ। ਅੰਮ੍ਰਿਤਧਾਰੀ ਜਾਂ ਅੰਮ੍ਰਿਤ ਸ਼ਕਣ ਦੀ ਚਾਹਵਾਨ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਤੇ ਵੀ ਵਿਚਾਰ ਕੀਤੀ ਜਾਵੇਗੀ। ਮੈਰਿਜ ਬਿਊਰੋ ਵਾਲੇ ਫੋਨ ਕਰਕੇ ਤੰਗ ਪ੍ਰੇਸ਼ਾਨ ਨਾ ਕਰਨ। ਰਿਸ਼ਤੇ ਸਬੰਧੀ ਹੋਰ ਵਧੇਰੇ ਪੁੱਛਗਿੱਛ ਲਈ ਵਟਸ ਅਪ ਤੇ ਸੰਪਰਕ ਕਰ ਸਕਦੇ ਹੋ: +91-94659-02047 ਜਾਂ +91-95306-10236 -1836

*****************

ਇੰਡੀਆ ਰਹਿੰਦੇ ਟੌਂਕ ਸ਼ਤਰੀ (ਗੁਰੂ/ਰਖੜਾ), ਅੰਮ੍ਰਿਤਧਾਰੀ, 1998 ਬੌਰਨ, ਕੱਦ 5'-10", ਬੀ ਐਸ ਸੀ ਡਿਗਰੀ ਹੋਲਡਰ, ਐਕਸਿਸ ਬੈਂਕ ਵਿੱਚ ਵਧੀਆ ਜੌਬ ਕਰਦੇ, ਹੈਂਡਸਮ ਲੜਕੇ ਲਈ ਕੈਨੇਡਾ / ਅਮਰੀਕਾ ਤੋਂ ਸ਼ਿਟੀਜਨ/ਪੀ ਆਰ, ਪੜ੍ਹੀ ਲਿਖੀ, ਸੋਹਣੀ, ਪਰਿਵਾਰਕ, ਵੈਸ਼ਨੂੰ ਜਾਂ ਗੁਰਸਿੱਖ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਵਾਰ ਗੁਰਸਿੱਖ ਹੈ ਅਤੇ ਇੱਕ ਭੈਣ ਹੈ ਜੋ ਕੈਨੇਡਾ ਵਿਚ ਮੈਰੀਡ ਹੈ ਤੇ ਵੈਲ ਸੈਟਲਡ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਫੋਨ ਕਰਕੇ ਤੰਗ ਨਾ ਕਰਨ। ਲੜਕੇ ਸਬੰਧੀ ਹੋਰ ਵਧੇਰੇ ਜਾਣਕਾਰੀ ਹਾਸਿਲ ਕਰਨ ਲਈ ਸੰਪਰਕ ਕਰੋ: 1-587-438-9069 ਜਾਂ +91-94653-37500 -1836

*****************

ਸਰੀ ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿੰਦੇ, ਜੱਟ ਸਿੱਖ, ਉਮਰ 39 ਸਾਲ, ਕੱਦ 6 ਫੁੱਟ, ਪੜੇ ਲਿਖੇ, ਵਧੀਆ ਜੌਬ ਕਰਦੇ, ਹੈਂਡਸਮ, ਨਸ਼ਿਆ ਤੋਂ ਰਹਿਤ, ਨੈਵਰ ਮੈਰੀਡ, ਇੰਡੀਆ ਵਿੱਚ ਸ਼ਹਿਰੀ ਪ੍ਰਾਪਰਟੀ ਦੇ ਮਾਲਕ ਲੜਕੇ ਲਈ ਕੈਨੇਡਾ ਤੋਂ ਸ਼ਿਟੀਜਨ/ਪੀ ਆਰ, ਪਰਿਵਾਰਕ ਲੜਕੀ ਦੀ ਲੋੜ ਹੈ। ਬੱਚੇ ਜਾਂ ਬਿਨਾਂ ਬੱਚੇ ਤੋਂ ਤਲਾਕਸ਼ੁਦਾ ਜਾਂ ਵਿਧਵਾ ਲੜਕੀ ਤੇ ਵੀ ਵਿਚਾਰ ਕੀਤੀ ਜਾਵੇਗੀ। ਮੈਰਿਜ ਬਿਊਰੋ ਵਾਲੇ ਫੋਨ ਕਰਕੇ ਤੰਗ ਨਾ ਕਰਨ। ਹੋਰ ਪੁੱਛਗਿੱਛ ਲਈ ਵਟਸਅਪ ਤੇ ਸੰਪਰਕ ਕਰੋ: 1-778-669-2721 ਜਾਂ +91-79732-56824 -1836

*****************

Saini Sikh family seeks a well-educated, beautiful and family oriented girl for their Canadian-born and raised son, 30 years old, clean shaven, 5'-8", non-smoker, non-drinker, non-vegetarian, bachelor's in computer science, working as a software engineer. The girl should be Canadian citizen or PR. Ontario preferred. Marriage bureaus excuse. Please send your contact information and biodata to 1-226-606-9216 -1836

*****************

ਕੈਨੇਡਾ 'ਚ ਵਿਜ਼ਟਰ ਵੀਜ਼ੇ ਤੇ ਆਏ ਜੱਟ ਸਿੱਖ ਗਿੱਲ, 2000 ਦੇ ਬੌਰਨ, ਕੱਦ 5'-11", ਪੜੇ ਲਿਖੇ, ਡਿਪਲੋਮਾ ਹੋਲਡਰ, ਹੈਂਡਸਮ, ਨਸ਼ਿਆ ਤੋਂ ਰਹਿਤ, ਇੰਡੀਆ'ਚ ਕਾਫੀ ਪ੍ਰਾਪਰਟੀ ਦੇ ਮਾਲਕ ਲੜਕੇ ਲਈ ਕੈਨੇਡਾ ਤੋਂ ਸ਼ਿਟੀਜਨ ਜਾਂ ਪੀ ਆਰ, ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਹੋਰ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: +91-95013-96001, ਕੈਨੇਡਾ'ਚ: 1-289-383-7080 -1835

*****************

ਕੈਨੇਡਾ 'ਚ ਵਰਕ ਪਰਮਿਟ ਤੇ ਕੰਮ ਕਰ ਰਹੇ, ਰਾਮਗੜੀਆ ਸਿੱਖ, ਜੁਨ 2000 ਦੇ ਬੌਰਨ, ਕੱਦ 5'-10", ਲੁਧਿਆਣੇ ਦੇ ਜੰਮਪਲ, ਕੋਨੇਸਟੋਗਾ ਕਾਲੇਜ ਤੋਂ ਪੜੇ, ਹੈਂਡਸਮ, ਨਸ਼ਿਆ ਤੋਂ ਰਹਿਤ, ਕਿਚਨਰ ਸ਼ਹਿਰ'ਚ ਰਹਿ ਰਹੇ ਲੜਕੇ ਲਈ ਕੈਨੇਡਾ/ਅਮਰੀਕਾ ਤੋਂ ਸ਼ਿਟੀਜਨ ਜਾਂ ਪੀ ਆਰ, ਸਿੱਖ ਪਰਵਾਰ ਨਾਲ ਸੰਬਧਿਤ, ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਦੇ ਪਿਤਾ ਬਿਜ਼ਨਸਮੈਨ ਹਨ ਤੇ ਵੈਲ ਸੈਟਲਡ ਹਨ। ਲੜਕੇ ਦੇ ਪਰਿਵਾਰ ਨਾਲ ਹੋਰ ਵਧੇਰੇ ਪੁੱਛਗਿੱਛ ਲਈ ਕੈਨੇਡਾ'ਚ 1-647-291-0059 ਜਾਂ ਇੰਡੀਆ'ਚ +91-98550-12603 ਤੇ ਫੋਨ ਕਰ ਸਕਦੇ ਹੋ। -1835

*****************

ਕੈਨੇਡਾ 'ਚ 5 ਸਾਲ ਤੋਂ ਵਰਕ ਪਰਮਿਟ ਤੇ ਕੰਮ ਕਰ ਰਹੇ, ਜੱਟ ਸਿੱਖ 29 ਸਾਲਾ, ਕੱਦ 6'-1", ਇੰਡੀਆ ਤੋਂ ਬੀ ਕਾਮ ਕਰਕੇ ਕੈਨੇਡਾ 'ਚ ਆਈ ਬੀ ਐਮ ਕਰਨ ਉਪਰੰਤ ਚੰਗੀ ਜੌਬ ਕਰ ਰਹੇ ਲੁਧਿਆਣੇ ਜਿਲ੍ਹੇ ਨਾਲ ਸੰਬਧਿਤ ਹੈਂਡਸਮ, ਨਸ਼ਿਆ ਤੋਂ ਰਹਿਤ ਲੜਕੇ ਲਈ ਕੈਨੇਡਾ ਤੋਂ ਸ਼ਿਟੀਜਨ ਜਾਂ ਪੀ ਆਰ, ਪਰਿਵਾਰਕ ਜੱਟ ਸਿੱਖ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ। ਲੜਕੇ ਦੇ ਪਰਿਵਾਰ ਨਾਲ ਹੋਰ ਵਧੇਰੇ ਪੁੱਛਗਿੱਛ ਲਈ 647-280-4536 ਤੇ ਸੰਪਰਕ ਕੀਤਾ ਜਾ ਸਕਦਾ ਹੈ ਤੇ ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ। -1835

*****************

### ਲੜਕੀ ਦੀ ਲੋੜ

ਕੈਨੇਡੀਅਨ ਸ਼ਿਟੀਜਨ, ਜੱਟ ਸਿੱਖ, ਉਮਰ 35 ਸਾਲ, ਕੱਦ 5'-11", ਪੜ੍ਹੇ ਲਿਖੇ, ਆਪਣਾ ਵਧੀਆ ਬਿਜਨੈਸ ਕਰਦੇ, ਹੈਂਡਸਮ, ਨਸ਼ਿਆ ਤੋਂ ਰਹਿਤ, ਆਪਣੇ ਘਰ ਦੇ ਮਾਲਕ ਲੜਕੇ ਲਈ, ਕੈਨੇਡਾ/ਅਮਰੀਕਾ/ਆਸਟ੍ਰੇਲੀਆ ਜਾਂ ਯੂ ਕੇ ਤੋਂ ਪੜ੍ਹੀ ਲਿਖੀ, ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ।ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਤੇ ਆਈ ਲੜਕੀ ਤੇ ਵੀ ਵਿਚਾਰ ਕੀਤੀ ਜਾਵੇਗੀ। ਮੈਰਿਜ ਬਿਊਰੋ ਵਾਲੇ ਮੁਆਫ ਕਰਨ।ਰਿਸ਼ਤੇ ਸਬੰਧੀ ਹੋਰ ਵਧੇਰੇ ਜਾਣਕਾਰੀ ਲੈਣ ਲਈ 1-780-604-5707 ਤੇ ਫੋਨ ਕੀਤਾ ਜਾ ਸਕਦਾ ਹੈ।-1837

## ਵਰ ਦੀ ਲੋੜ

ਕੈਨੇਡਾ 'ਚ 7 ਸਾਲ ਤੋਂ ਰਹਿ ਰਹੀ ਦਸਤਾਰਧਾਰੀ, ਜੱਟ ਸਿੱਖ, ਉਮਰ 30 ਸਾਲ, ਕੱਦ 5'-3", ਮਾਸਟਰ ਇਨ ਕੰਪਿਊਟਰ ਸੌਫਟਵੇਅਰ ਤੇ ਡਾਟਾ ਵੇਜ ਦੀ ਡਿਗਰੀ ਕੈਨੇਡਾ ਤੋਂ ਕੀਤੀ ਹੈ ਤੇ ਆਪਣੇ ਪਰਿਵਾਰ ਨਾਲ ਰਹਿ ਰਹੀ ਸੋਹਣੀ-ਸੁਨੱਖੀ, ਦੋਵੇਂ ਸੱਭਿਆਰਾਂ ਤੋਂ ਜਾਣੂ ਲੜਕੀ ਨੂੰ ਕੈਨੇਡੀਅਨ ਸ਼ਿਟੀਜਨ ਜਾਂ ਪੀ ਆਰ, ਅੰਮ੍ਰਿਤਧਾਰੀ ਜੱਟ ਸਿੱਖ ਲੜਕੇ ਦੀ ਲੋੜ ਹੈ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ ਤੇ ਸਿਰਫ ਅੰਮ੍ਰਿਤਧਾਰੀ ਲੜਕੇ ਵਾਲੇ ਹੀ ਸੰਪਰਕ ਕਰਨ। ਹੋਰ ਜਾਣਕਾਰੀ ਲਈ 647-278-3084 ਤੇ ਫੋਨ ਕੀਤਾ ਜਾ ਸਕਦਾ ਹੈ।-1839

*****************

ਕੈਨੇਡੀਅਨ ਪੀ ਆਰ, ਜੱਟ ਸਿੱਖ, ਉਮਰ 42 ਸਾਲ, ਕੱਦ 5'-4", ਵਧੀਆ ਜੌਬ ਕਰ ਰਹੀ, ਵੈਲ ਸੈਟਲਡ, ਪਰਵਾਰਕ, ਵਿਧਵਾ (ਜਿਸ ਦੀ ਇਕ 16 ਸਾਲ ਦੀ ਬੇਟੀ ਹੈ) ਦੇ ਲਈ ਜੱਟ ਸਿੱਖ, ਕੈਨੇਡੀਅਨ ਸਿਟੀਜ਼ਨ/ਪੀ ਆਰ ਜਾਂ ਵਰਕ ਪਰਮਿਟ ਤੇ ਕੈਨੇਡਾ 'ਚ ਵਧੀਆ ਜੌਬ ਕਰਦੇ, ਨਸ਼ਿਆਂ ਤੋਂ ਰਹਿਤ, 40+ ਸਾਲ ਉਮਰ ਵਾਲੇ ਵਰ ਦੀ ਲੋੜ ਹੈ।ਬਿਨਾਂ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੇ ਹਨ ਪਰ ਇੰਡੀਆ ਰਹਿੰਦੇ ਵਰ ਅਤੇ ਮੈਰਿਜ ਬਿਊਰੋ ਵਾਲੇ ਬਿਲਕੁਲ ਫੋਨ ਨਾ ਕਰਨ। ਬੀ ਸੀ ਨੂੰ ਪਹਿਲ।ਰਿਸ਼ਤੇ ਸਬੰਧੀ ਗੱਲਬਾਤ ਕਰਨ ਲਈ ਸੰਪਰਕ ਕਰੋ ਅਤੇ ਆਪਣਾ ਬਇਓ ਡਾਟਾ ਤੇ ਫੋਟੋ ਵਟਸ ਅਪ ਤੇ ਭੇਜੋ: 1-604-368-4921 -1838

*****************

ਅਮਰੀਕਨ ਸ਼ਿਟੀਜਨ, ਰਾਮਗੜ੍ਹੀਆ, ਉਮਰ 33 ਸਾਲਾ, 5'-5" ਲੰਮੇਂ ਕੱਦ ਵਾਲੀ ਐਮ ਬੀ ਏ, ਗੌਰਮਿੰਟ ਟੀਚਰ ਦੀ ਵਧੀਆ ਜੌਬ ਕਰਦੀ ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਲਈ ਅਮਰੀਕਾ/ਕੈਨੇਡਾ ਤੋਂ ਸ਼ਿਟੀਜਨ/ਪੀ ਆਰ/ਗਰੀਨ ਕਾਰਡ ਹੋਲਡਰ, ਪੜ੍ਹੇ ਲਿਖੇ, ਹੈਂਡਸਮ, ਕਲੀਨਸ਼ੇਵਡ,ਨਸ਼ਿਆ ਤੋਂ ਰਹਿਤ ਲੜਕੇ ਦੀ ਲੋੜ ਹੈ। ਕੈਲੇਫੋਰਨੀਆ ਰਹਿੰਦੇ ਜਾਂ ਮੂਵ ਹੋਣ ਦੇ ਚਾਹਵਾਨ ਲੜਕੇ ਨੂੰ ਜਾਤ-ਪਾਤ ਦਾ ਕੋਈ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਭੁੱਲ ਕੇ ਵੀ ਫੋਨ ਨਾ ਕਰਨ।ਰਿਸ਼ਤਾ ਜੋੜਨ ਦੇ ਚਾਹਵਾਨ 1-747-335-9693 ਤੇ ਸੰਪਰਕ ਕੀਤਾ ਜਾ ਸਕਦਾ ਹੈ।-1838

*****************

ਅਮਰੀਕਨ ਸ਼ਿਟੀਜਨ, ਜੱਟ ਸਿੱਖ ਗਰੇਵਾਲ, 1991 ਬੌਰਨ, ਕੱਦ 5'-5", ਆਈ ਟੀ ਇੰਜਨੀਅਰ, ਵੱਡੀ ਕੰਪਨੀ ਵਿਚ ਮੈਨੇਜਰ ਦੀ ਜੌਬ ਕਰਦੀ ਸੋਹਣੀ-ਸੁਨੱਖੀ, ਪਰਿਵਾਰਕ, ਨੈਵਰ ਮੈਰਿਡ, ਵੈਸ਼ਨੂੰ ਲੜਕੀ ਲਈ ਅਮਰੀਕਾ ਜਾਂ ਕੈਨੇਡਾ ਤੋਂ ਪੜ੍ਹੇ ਲਿਖੇ, ਹੈਂਡਸਮ, ਸ਼ਰਾਬ ਸਮੇਤ ਸਾਰੇ ਨਸ਼ਿਆ ਤੋਂ ਰਹਿਤ, ਨੈਵਰ ਮੈਰਿਡ, ਸ਼ਿਟੀਜਨ/ਪੀ ਆਰ, ਵਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਐਚ ਵਨ ਬੀ ਵੀਜ਼ਾ ਤੇ ਵੀ ਵਿਚਾਰ ਕੀਤੀ ਜਾਵੇਗੀ।ਸ਼ਿਕਾਗੋ ਅਤੇ ਨੇੜਲੇ ਏਰੀਏ ਨੂੰ ਪਹਿਲ।ਲੜਕੀ ਦਾ ਸਾਰਾ ਪਰਿਵਾਰ ਅਮਰੀਕਾ ਵਿਚ ਵੈਲ ਸੈਟਲਡ ਹੈ। ਮੈਰਿਡ ਬਿਊਰੋ ਵਾਲੇ ਮੁਆਫ ਕਰਨ।ਰਿਸ਼ਤੇ ਸਬੰਧੀ ਹੋਰ ਵਧੇਰੇ ਪੁੱਛਗਿੱਛ ਲਈ 1-708-800-8277 ਤੇ ਫੋਨ ਕੀਤਾ ਜਾ ਸਕਦਾ ਹੈ।-1838

*****************

ਕੈਨੇਡੀਅਨ ਸ਼ਿਟੀਜਨ, ਜੱਟ ਸਿੱਖ, ਉਮਰ 33 ਸਾਲ, ਕੱਦ 5'-7", ਫਾਰਮੇਸੀ ਟੈਕਨੀਸ਼ਨ ਡਿਗਰੀ ਹੋਲਡਰ, ਹਸਪਤਾਲ ਵਿਚ ਵਧੀਆ ਜੌਬ ਕਰ ਰਹੀ ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਲਈ ਕੈਨੇਡਾ ਤੋਂ ਸ਼ਿਟੀਨ/ਪੀ ਆਰ, ਪੜ੍ਹੇ ਲਿਖੇ, ਹੈਂਡਸਮ, ਨਸ਼ਿਆ ਤੋਂ ਰਹਿਤ ਵੈਲ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਪਰਿਵਾਰ ਕੈਨੇਡਾ 'ਚ ਵੈਲ ਸੈਟਲਡ ਹੈ। ਲੁਧਿਆਣਾ/ ਪਟਿਆਲਾ ਤੇ ਫਤਹਿਗੜ੍ਹ ਸਾਹਿਬ ਇਲਾਕੇ ਦੇ ਪਰਿਵਾਰਾਂ ਨੂੰ ਪਹਿਲ ਦਿੱਤੀ ਜਾਵੇਗੀ।ਮੈਰਿਜ ਬਿਊਰੋ ਮੁਆਫ ਕਰਨ।ਹੋਰ ਵਧੇਰੇ ਜਾਣਕਾਰੀ ਲਈ ਪਰਿਵਾਰ ਨਾਲ 647-713-6413 ਤੇ ਫੋਨ ਕੀਤਾ ਜਾ ਸਕਦਾ ਹੈ।-1838

*****************

ਕੈਨੇਡੀਅਨ ਜੰਮਪਲ, ਜੱਟ ਸਿੱਖ, ਉਮਰ 32 ਸੱਲ, ਕੱਦ 5'-7", ਯੂਨੀਵਰਸਿਟੀ ਪੋਸਟ ਗਰੈਜੂਏਟ, ਮੈਡੀਕਲ ਪ੍ਰੋਫੈਸ਼ਨਲ, ਆਪਣੇ ਹੀ ਫੀਲਡ 'ਚ ਵਧੀਆ ਜੌਬ ਕਰਦੀ ਸੋਹਣੀ ਸੁਨੱਖੀ, ਦੋਵੇਂ ਸੱਭਿਆਚਾਰਾ ਤੋਂ ਜਾਣੂ ਲੜਕੀ ਲਈ ਕੈਨੇਡਾ ਦੇ ਜੰਮਪਲ, ਯੂਨੀਵਰਸਿਟੀ ਗਰੈਜੂਏਟ, ਡਾਕਟਰ/ਇੰਜਨੀਅਰ/ਵਕੀਲ/ਅਕਾਊਂਟਿੰਗ ਹੈਂਡਸਮ, ਨਸ਼ਿਆ ਤੋਂ ਰਹਿਤ, ਵੈਲ ਸੈਟਲਡ ਲੜਕੇ ਦੀ ਲੋੜ ਹੈ।ਗਰੇਟਰ ਟਰਾਂਟੋ ਇਲਾਕੇ 'ਚ ਰਹਿੰਦੇ ਜਾਂ ਮੂਵ ਹੋਣ ਦੇ ਚਾਹਵਾਨ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।ਬਿਊਰੋ ਵਾਲੇ ਮੁਆਫ ਕਰਨ। ਰਿਸ਼ਤਾ ਜੋੜਨ ਦੇ ਚਾਹਵਾਨ ਹੋਰ ਵਧੇਰੇ ਗੱਲਬਾਤ ਕਰਨ ਲਈ ਵਟਸ ਐਪ 647-512-3629 ਤੇ ਫੋਨ ਕਰ ਸਕਦੇ ਹਨ।-1838

*****************

Jatt Sikh, well settled Canadian professional family looking for a suitable match for their beautiful Canadian born daughter, 36 yrs. old, 5' -7" tall, family oriented, currently working and studying. The boy should be Canadian born or brought up, generous, professionally employed, smart, above 5'-11" tall, and well-groomed. Please send your biodata & recent picture to: lakhwindergill@hotmail.com or call: 1- 289-541-9999 -1838

*****************

ਕੈਨੇਡੀਅਨ ਜੰਮਪਲ, ਜੱਟ ਸਿੱਖ ਸਿੱਧੂ, ਉਮਰ 29 ਸਾਲ, ਕੱਦ 5'-6", ਬੀ ਐਸ ਸੀ, ਪੈਥੋਲੋਜੀ ਮਾਸਟਰ ਡਿਗਰੀ ਕਰਕੇ ਹਸਪਤਾਲ 'ਚ ਆਪਣੀ ਹੀ ਫੀਲਡ ਦੀ ਵਧੀਆ ਜੌਬ ਕਰ ਰਹੀ ਤੇ 33 ਸਾਲਾਂ ਤੋਂ ਕੈਨੇਡਾ 'ਚ ਵੈਲ ਸੈਟਲਡ ਪਰਿਵਾਰ ਦੀ ਸੋਹਣੀ-ਸੁਨੱਖੀ, ਪਰਿਵਾਰ ਨਾਲ ਰਹਿ ਰਹੀ ਲੜਕੀ ਲਈ ਬਰਾਬਰ ਦੀ ਯੋਗਤਾ ਵਾਲੇ ਜੱਟ ਸਿੱਖ, ਨਸ਼ਿਆ ਤੋਂ ਰਹਿਤ, ਹੈਂਡਸਮ, ਲੰਮੇ ਕੱਦ ਵਾਲੇ ਕੈਨੇਡੀਅਨ ਜੰਮਪਲ ਜਾਂ ਛੋਟੇ ਹੁੰਦੇ ਕੈਨੇਡਾ ਆਏ ਲੜਕੇ ਦੀ ਲੋੜ ਹੈ। ਵਿਨੀਪੈਗ ਰਹਿੰਦੇ ਜਾਂ ਮੂਵ ਹੋਣ ਦੇ ਚਾਹਵਾਨ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ।ਰਿਸ਼ਤਾ ਜੋੜਨ ਦੇ ਚਾਹਵਾਨ ਵਿਨੀਪੈਗ ਦੇ ਸਮੇਂ ਮੁਤਾਬਿਕ ਸਵੇਰੇ 8 ਵਜੇ ਤੋਂ ਸ਼ਾਮ ਦੇ 8 ਵਜੇ ਤੱਕ 1-204-230-1726 ਤੇ ਫੋਨ ਕਰ ਸਕਦੇ ਹਨ।-1837

*****************

ਕੈਨੇਡਾ 'ਚ ਵਿਜ਼ਟਰ ਵੀਜ਼ੇ ਤੇ ਰਹਿ ਰਹੀ, ਜੱਟ ਸਿੱਖ ਢਿਲੋਂ, ਦਸੰਬਰ 1994 ਦੀ ਬੋਰਨ, ਕੱਦ 5'-9", ਪੜ੍ਹੀ ਲਿਖੀ, ਸੋਹਣੀ, ਪਰਿਵਾਰਕ, ਵੈਸ਼ਨੂੰ ਲੜਕੀ ਲਈ ਕੈਨੇਡਾ ਜਾਂ ਅਮਰੀਕਾ ਤੋਂ ਪੜ੍ਹੇ ਲਿਖੇ, ਹੈਂਡਸਮ, ਨਸ਼ਿਆ ਤੋਂ ਰਹਿਤ ਵੈਲ ਸੈਟਲਡ ਲੜਕੇ ਦੀ ਲੋੜ ਹੈ। ਜੇਕਰ ਕਿਸੇ ਪਰਿਵਾਰ ਵਿਚ ਦੋ ਲੜਕੇ ਹੋਣ ਉਹ ਵੀ ਸੰਪਰਕ ਕਰ ਸਕਦੇ ਹਨ ਲੜਕੀ ਦੀ ਇਕ ਭੈਣ ਇੰਡੀਆ ਵਿਚ ਰਹਿ ਰਹੀ ਹੈ। ਮੈਰਿਜ ਬਿਊਰੋ ਵਾਲੇ ਬਿਲਕੁਲ ਫੋਨ ਨਾ ਕਰਨ। ਰਿਸ਼ਤੇ ਸਬੰਧੀ ਗੱਲਬਾਤ ਅੱਗੇ ਵਧਾਉਣ ਲਈ 437-235-1796 ਤੇ ਫੋਨ ਕਰ ਸਕਦੇ ਹਨ। -1850

*****************

ਕੈਨੇਡੀਅਨ ਸ਼ਿਟੀਜਨ, ਜੱਟ ਸਿੱਖ ਸੇਖੋਂ, ਅਕਤੂਬਰ 1995 ਬੋਰਨ, ਕੱਦ 5'-4", ਬੀ ਕਾਮ, ਪੋਸਟ ਗਰੈਜੂਏਟ ਇਨ ਹਿਊਮਨ ਰੀਸੋਰਸ ਐਂਡ ਅਕਾਊਂਟਿੰਗ ਕੈਨੇਡਾ ਤੋਂ ਕਰਕੇ ਇਸ ਸਮੇਂ ਸਰਵਿਸ ਕੈਨੇਡਾ ਆਫੀਸਰ ਦੀ ਵਧੀਆ ਜੌਬ ਕਰ ਰਹੀ ਤੇ ਚੰਗੀ ਤਨਖਾਹ ਲੈ ਰਹੀ, ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਲਈ ਕੈਨੇਡਾ ਤੋਂ ਸ਼ਿਟੀਜਨ/ਪੀ ਆਰ ਜਾਂ ਵਰਕ ਪਰਮਿਟ ਤੇ ਆਏ ਪੜ੍ਹੇ ਲਿਖੇ, ਹੈਂਡਸਮ, ਨਸ਼ਿਆ ਤੋਂ ਰਹਿਤ ਪਰਿਵਾਰਕ, ਵੈਲ ਸੈਟਲਡ, 12 ਤੋਂ 15 ਏਕੜ ਜ਼ਮੀਨ ਦੇ ਮਾਲਕ ਲੜਕੇ ਦੀ ਲੋੜ ਹੈ। ਲੜਕੀ ਦਾ ਪਰਿਵਾਰ ਮੋਗੇ ਨਾਲ ਸਬੰਧਿਤ ਹੈ ਤੇ ਹੁਣ ਕੈਨੇਡਾ ਦੇ ਬਰੈਂਪਟਨ ਸ਼ਹਿਰ ਵਿਚ ਵੈਲ ਸੈਟਲਡ ਹੈ। ਮੋਗਾ ਤੇ ਮਾਲਵਾ ਇਲਾਕੇ ਨੂੰ ਪਹਿਲ ਦਿੱਤੀ ਜਾਵੇਗੀ। ਮੈਰਿਜ ਬਿਊਰੋ ਵਾਲੇ ਮੁਆਫ ਕਰਨ।ਰਿਸ਼ਤੇ ਬਾਰੇ ਹੋਰ ਵਧੇਰੇ ਜਾਣਕਾਰੀ ਲੈਣ ਲਈ 647-609-8937 ਜਾਂ 647-671-2239 ਤੇ ਫੋਨ ਕੀਤਾ ਜਾ ਸਕਦਾ ਹੈ।-1837

*****************

ਕੈਨੇਡਾ ਵਿਚ ਵਿਜ਼ਟਰ ਵੀਜ਼ੇ ਤੇ ਆਈ, ਜੱਟ ਸਿੱਖ ਬਰਾੜ, 1990 ਬੌਰਨ, ਕੱਦ 5'-4", ਪੀ ਏ ਡੀ ਸੀ ਏ, ਐਮ ਐਸ ਸੀ,ਆਈ ਟੀ, ਇੰਡੀਆ ਵਿਚ ਟੀਚਰ ਦੀ ਵਧੀਆ ਜੌਬ ਕਰ ਰਹੀ, ਸੋਹਣੀ-ਸੁਨੱਖੀ,ਪਰਿਵਾਰਕ, ਨੈਵਰ ਮੈਰਿਡ ਲੜਕੀ ਲਈ ਕੈਨੇਡਾ ਜਾਂ ਅਮਰੀਕਾ ਤੋਂ ਸ਼ਿਟੀਜਨ ਜਾਂ ਪੀ ਆਰ ਜਾਂ ਗਰੀਨ ਕਾਰਡ ਹੋਲਡਰ, ੜ੍ਹੇ ਲਿਖੇ, ਨਸ਼ਿਆ ਤੋਂ ਰਹਿਤ, ਕਲੀਨਸ਼ੇਵਨ, ਨੈਵਰ ਮੈਰਿਡ ਲੜਕੇ ਦੀ ਲੋੜ ਹੈ। ਆਸਟ੍ਰੇਲੀਆ ਦੇ ਲੜਕੇ ਤੇ ਵੀ ਵਿਚਾਰ ਕੀਤੀ ਜਾਵੇਗੀ। ਲੜਕੀ ਦੀ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ। ਮਾਲਵਾ ਇਲਾਕੇ ਨੂੰ ਪਹਿਲ ਦਿੱਤੀ ਜਾਵੇਗੀ।ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ। ਰਿਸ਼ਤੇ ਸਬੰਧੀ ਹੋਰ ਵਧੇਰੇ ਜਾਣਕਾਰੀ ਲੈਣ ਲਈ ਕੈਨੇਡਾ 'ਚ 437-455-0135 ਜਾਂ ਫਿਰ ਇੰਡੀਆ +91-99157-48735 ਤੇ ਫੋਨ ਕੀਤਾ ਜਾ ਸਕਦਾ ਹੈ।-1837

*****************

TO PLACE YOUR ADVERTISEMENT CONTACT: 905-791-9999